# ਸਵਰਾਜਬੀਰ ਰਚਿਤ ਨਾਟਕ 'ਕ੍ਰਿਸ਼ਨ'

## (ਮਿਥਿਹਾਸ ਦਾ ਵਿਸਥਾਪਨ ਅਤੇ ਦਮਿਤ ਇਤਿਹਾਸ ਦੀ ਤਲਾਸ਼)

ਡਾ. ਰਵਿੰਦਰ ਸਿੰਘ

ਸਵਰਾਜਬੀਰ ਪੰਜਾਬੀ ਦੇ ਉਨ੍ਹਾਂ ਨਵੇਂ ਨਾਟਕਕਾਰਾਂ ਵਿਚੋਂ ਹੈ ਜਿਨ੍ਹਾਂ ਨੇ ਨਾਟਕ ਸਿਰਜਣਾ ਦੇ ਖੇਤਰ ਵਿਚ ਆਪਣੇ ਨਵੇਕਲੇ ਦ੍ਰਿਸ਼ਟੀਕੋਣ ਰਾਹੀਂ ਗੰਭੀਰ ਕਿਸਮ ਦੇ ਸਮਾਜਕ-ਸਭਿਆਚਾਰਕ ਵਿਸ਼ਿਆਂ ਨੂੰ ਛੁਹਿਆ ਹੈ। ਉਸਦਾ ਨਾਟਕ 'ਕ੍ਰਿਸ਼ਨ' ਆਪਣੇ ਅੰਦਰ ਕਈ ਜਟਿੱਲ ਸਮੱਸਿਆਵਾਂ ਨੂੰ ਸਮੋਇਆ ਹੋਇਆ ਦਰਸ਼ਕਾਂ/ਪਾਠਕਾਂ ਦੇ ਰੂਬਰੂ ਹੁੰਦਾ ਹੈ ਜੋ ਉਹਨਾਂ ਦੀ ਚੇਤਨਾ ਨੂੰ ਜ਼ੋਰਦਾਰ ਹਲੂਣਾ ਦਿੰਦੀਆਂ ਜਾਪਦੀਆਂ ਹਨ। ਸਵਰਾਜਬੀਰ ਆਪਣੇ ਇਸ ਨਾਟਕ ਵਿਚ ਇਤਿਹਾਸ-ਮਿਥਿਹਾਸ ਦੇ ਦਵੰਦ ਵਿਚ ਦੱਬੇ ਪਏ ਇਤਿਹਾਸ ਦੀਆਂ ਉਨ੍ਹਾਂ ਪੁਰਾਣਕ ਪਰਤਾਂ ਨੂੰ ਖੋਲਣ ਦਾ ਜਤਨ ਕਰਦਾ ਹੈ ਜਿਸਦਾ ਵਾਸਤਾ ਭਾਰਤੀ ਉਪਮਹਾਦੀਪ ਦੇ ਸਮਾਜਕ-ਸਭਿਆਚਾਰਕ ਤਾਣੇ-ਬਾਣੇ ਨਾਲ ਹੈ। ਜਦੋਂ ਮੈਂ ਸਵਰਾਜਬੀਰ ਦੇ ਨਾਟਕ 'ਕ੍ਰਿਸ਼ਨ' ਨੂੰ ਪਹਿਲੀ ਵਾਰ ਪੜ੍ਹਿਆ ਤਾਂ ਕਈ ਦਿਨਾਂ ਤਕ ਮਨ ਅੰਦਰ ਹਲਚਲ ਹੁੰਦੀ ਰਹੀ। ਇਕ ਸਨਸਨੀ ਜਿਹੀ ਪੈਦਾ ਹੋਈ ਜਾਪਦੀ ਸੀ। ਪਰ ਜਿਵੇਂ ਜਿਵੇਂ ਇਸ ਦੀਆਂ ਤਹਿਆਂ ਅੰਦਰ ਜਾਣ ਦਾ ਜਤਨ ਕੀਤਾ ਇਹ ਹੋਰ ਵੀ ਗੰਭੀਰ ਅਰਥ ਲੈਂਦਾ ਜਾਪਿਆ। ਪਹਿਲੀ ਨਜ਼ਰੇ ਇਸਦਾ ਕਾਰਣ ਨਾਟਕ ਵਿਚਲਾ ਨਿਵੇਕਲਾ ਵਿਚਾਰਧਾਰਕ ਟਕਰਾਓ ਅਤੇ ਤਨਾਓ ਲੱਗਿਆ।

ਸਵਰਾਜਬੀਰ ਇਕ ਸੰਜੀਦਾ ਅਤੇ ਵਿਚਾਰਵਾਨ ਨਾਟਕਕਾਰ ਹੀ ਨਹੀਂ ਸਗੋਂ ਨਵੀਂ ਦਿਸ਼ਾ ਵਿਚ ਸੋਚਣ ਵਾਲਾ ਚੇਤਨ ਲੇਖਕ ਵੀ ਹੈ। ਇਹ ਨਾਟਕ ਇਕ ਪਾਸੇ ਭਾਰਤੀ ਲੋਕ ਮਨ ਵਿਚ ਵਸੇ ਹੋਏ ਕ੍ਰਿਸ਼ਨ ਦੇ ਮਿਥਿਹਾਸਕ ਬਿੰਬ ਨੂੰ ਵਿਸਥਾਪਿਤ ਕਰਨ ਦਾ ਜਤਨ ਕਰਦਾ ਹੈ ਅਤੇ ਦੂਜੇ ਪਾਸੇ 'ਆਰੀਆ ਮੂਲ ਦੇ ਲੋਕਾਂ' ਹੱਥੋਂ ਗ਼ੈਰ-ਆਰੀਆਈ ਕਬੀਲਿਆਂ ਉੱਤੇ ਹੋਏ ਅਤਿਆਚਾਰਾਂ ਦੇ ਦਮਿਤ ਇਤਿਹਾਸ ਨੂੰ ਫਰੋਲਦਾ ਹੈ। ਨਾਟਕ ਲਿਖਣ ਤੋਂ ਪਹਿਲਾਂ ਉਸਨੇ ਬਹੁਤ ਨਿੱਠਕੇ ਇਸ ਵਿਸ਼ੇ ਨਾਲ ਸੰਬੰਧਤ ਹਰ ਪਹਿਲੂ ਨੂੰ ਪ੍ਰਾਪਤ ਜਾਣਕਾਰੀ ਮੁਤਾਬਕ ਬਹੁਤ ਬਾਰੀਕੀ ਨਾਲ ਘੋਖਿਆ ਅਤੇ ਕੁਝ ਨਵੇਂ ਸਿੱਟੇ ਹਾਸਲ ਕੀਤੇ। ਨਾਟਕ ਦੇ ਅਰੰਭ ਵਿਚ 'ਕ੍ਰਿਸ਼ਨ' ਨਾਲ ਸੰਬੰਧਤ ਵਿਸਤ੍ਰਤ ਵੇਰਵੇ ਦਿੱਤੇ ਗਏ ਹਨ ਜਿਨ੍ਹਾਂ ਦਾ ਮਨੋਰਥ 'ਪਾਠਕਾਂ' ਦੇ ਮਨ ਵਿਚ ਆਪਣੇ ਨਾਟਕ ਦੇ ਪਾਤਰ ਬਾਰੇ ਇਕ ਸਪਸ਼ਟ ਚਰਿੱਤਰ ਥਾਪਣਾ ਹੈ। ਅਤੇ ਨਾਲ ਹੀ ਇਸ ਵਿਸ਼ੇ ਉੱਪਰ ਨਾਟਕ ਲਿਖਣ ਬਾਬਤ ਆਪਣੀ ਮੰਸ਼ਾ ਨੂੰ ਪ੍ਰਗਟ ਕਰਨਾ ਵੀ ਹੈ:

'ਕ੍ਰਿਸ਼ਨ ਅਤੇ ਅਰਜਨ ਮਹਾਨ ਯੋਧੇ ਸਨ। ਕਸ਼ੱਤਰੀ ਸਨ। ਔਰਤਾਂ, ਬੱਚਿਆਂ ਅਤੇ ਲਾਚਾਰਾਂ ਉੱਤੇ ਹੱਥ ਉਠਾਉਣਾ, ਹਮਲਾ ਕਰਨਾ, ਕਸ਼ਤਰੀਆਂ ਲਈ ਵਰਜਿਤ ਸੀ। ਪਰ ਖਾਂਡਵ-ਵਣ ਨੂੰ ਅੱਗ ਲਾਉਂਦਿਆਂ ਇਹ ਨੇਮ ਕਿਉਂ ਤੋੜਿਆ ਗਿਆ ? ਆਖਿਰ ਏਨਾ ਜ਼ੁਲਮ ਕਿਉਂ ? ਇਹ ਕਿਹੋ ਜਿਹਾ ਕਰਮ ਸੀ ਜਿਸ ਨੂੰ ਛੁਪਾਉਣ ਲਈ ਮਿਥਿਹਾਸਕ ਮੁਲੰਮੇ (ਕਿ ਇਹ ਵਣ ਅਗਨੀ ਦੇਵਤਾ ਨੂੰ ਖੁਸ਼ ਕਰਨ ਲਈ ਜਲਾਇਆ ਗਿਆ ਅਤੇ ਇਸ ਦੇ ਵਾਸੀਆਂ ਨੂੰ ਇਸ ਕਾਰਨ ਮਾਰਿਆ ਗਿਆ ਕਿ ਉਹ ਉਨ੍ਹਾਂ ਦੇ ਮੰਦੇ ਕੰਮਾਂ ਕਰਕੇ ਅਗਨੀ ਦੇਵਤਾ ਨੂੰ ਬਦਹਜ਼ਮੀ ਹੋ ਗਈ ਸੀ) ਦਾ ਸਹਾਰਾ ਲੈਣਾ ਪਿਆ ? ਇਹ ਕਿਹੋ ਜਿਹੀ ਗੁੱਥੀ ਹੈ ? …… ਸ਼ਾਇਦ ਇਹੋ ਗੁੱਥੀ ਭਿਆਨਕ ਸੱਚਾਈ ਦੀ ਗੁੱਥੀ ਹੈ ! ਇਸ ਗੁੱਥੀ ਦੇ ਗਰਭ ਵਿਚ ਇਤਿਹਾਸਕ ਸਵਾਲ ਅਤੇ ਇਤਿਹਾਸਕ ਜਵਾਬ ਪਏ ਹਨ। ਇਸ ਗੁੱਥੀ ਦੇ ਗਰਭ ਵਿਚੋਂ ਹੀ ਮੇਰਾ ਨਾਟਕ ਜਨਮ ਲੈਂਦਾ ਹੈ। ਇਹ ਆਰੀਆ ਮੂਲ ਦੇ ਲੋਕਾਂ ਦੇ ਵੱਡ-ਵਡੇਰਿਆਂ ਦੁਆਰਾ ਵਣ-ਵਾਸੀਆਂ ਅਤੇ ਦੱਬੇ ਕੁਚਲੇ ਲੋਕਾਂ ਉੱਤੇ ਹੋਏ ਅਤਿਆਚਾਰਾਂ ਦੀ ਕਹਾਣੀ ਹੈ।

ਇਉਂ, ਸਵਰਾਜਬੀਰ ਸਪਸ਼ਟ ਤੌਰ 'ਤੇ ਮਿਥਿਹਾਸ ਵਿਚੋਂ ਦਮਨ ਦੇ ਉਸ ਇਤਿਹਾਸ ਨੂੰ ਫਰੋਲਣ ਦਾ ਜਤਨ ਕਰਦਾ ਹੈ ਜੋ ਸਿਰਜਿਤ ਇਤਿਹਾਸ ਅਤੇ ਮਿਥਿਹਾਸ ਅੰਦਰ ਦੱਬਿਆ ਪਿਆ ਹੈ। ਦੱਬੇ ਹੋਏ ਇਸ ਇਤਿਹਾਸ ਦੀ ਤਲਾਸ਼ ਲਈ ਉਹ 'ਜਰਾ' ਨਾਂ ਦੇ ਇਕ ਵਣ-ਵਾਸੀ ਨੂੰ ਨਾਟਕ ਦਾ ਇਕ ਪ੍ਰਧਾਨ ਪਾਤਰ ਬਣਾਉਂਦਾ ਹੈ। ਇਸ ਮਨੋਰਥ ਲਈ ਉਸਨੇ ਭਾਰਤੀ ਮਿਥਿਹਾਸ ਦੇ ਇਕ ਬਹੁਤ ਹੀ ਸ਼ਕਤੀਸ਼ਾਲੀ ਮਹਾ-ਨਾਇਕ 'ਕ੍ਰਿਸ਼ਨ' ਨੂੰ ਆਪਣੇ ਨਾਟਕ ਦੀ ਪੇਸ਼ਕਾਰੀ ਦਾ ਅਧਾਰ ਬਿੰਦੂ ਬਣਾਇਆ ਹੈ। ਆਪਣੇ ਵਿਸ਼ੇ ਨੂੰ ਪੇਸ਼ ਕਰਨ ਲਈ ਉਹ ਕ੍ਰਿਸ਼ਨ ਦੇ ਜਿਸ ਕਿਰਦਾਰ ਨੂੰ ਨਾਟਕ ਦੇ ਪਾਤਰ ਵਜੋਂ ਪੇਸ਼ ਕਰਨਾ ਚਾਹੁੰਦਾ ਹੈ ਉਸ ਬਾਰੇ ਕਾਫੀ ਵਿਸਤਾਰ ਨਾਲ ਤਰਕ ਵੀ ਦਿਤੇ ਹੋਏ ਹਨ:

'ਪੁਰਾਤਨ ਗ੍ਰਥਾਂ ਵਿਚ ਮਿਲਦੀ ਸਮੱਗਰੀ ਨੂੰ ਮਿਲਾ ਲਿਆ ਜਾਏ ਤਾਂ ਕ੍ਰਿਸ਼ਨ ਦਾ ਜੋ ਸੰਯੁਕਤ ਅਤੇ ਸੰਗਠਿਤ ਚਰਿੱਤਰ ਬਣਦਾ ਹੈ ਉਸ ਅਨੁਸਾਰ ਉਸ ਦੇ ਜੀਵਨ ਦੇ ਦੋ ਮੁੱਖ ਹਿੱਸੇ ਹਨ। ਪਹਿਲਾ ਹਿੱਸਾ ਬਚਪਨ ਅਤੇ ਜਵਾਨੀ ਦਾ ਹੈ ਜਿਹੜਾ ਜਮਨਾ ਕੰਢੇ ਗੋਕਲ ਅਤੇ ਵ੍ਰਿੰਦਾਵਨ 'ਚ ਬੀਤਿਆ। …….ਇਹ ਉਸ ਮਨੁੱਖ ਦੀ ਕਹਾਣੀ ਹੈ ਜੋ ਪ੍ਰਕਿਰਤੀ ਅਤੇ ਆਪਣੇ ਸਾਥੀਆਂ ਵਿਚ ਸਹਿਜ ਰੂਪ ਵਿਚ ਵਿਚਰਦਾ ਹੈ। ਕ੍ਰਿਸ਼ਨ ਦੀ ਜ਼ਿੰਦਗੀ ਦਾ ਦੂਜਾ ਹਿੱਸਾ ਮਥੁਰਾ ਆਕੇ ਸ਼ੁਰੂ ਹੁੰਦਾ ਹੈ ਅਤੇ ਦਵਾਰਕਾ ਵਿਚ ਖ਼ਤਮ ਹੁੰਦਾ ਹੈ। ਇਹ ਕਹਾਣੀ ਸੱਤਾ ਦੀਆਂ ਲੜਾਈਆਂ ਅਤੇ ਸਾਜ਼ਿਸ਼ਾਂ ਦੀ ਕਹਾਣੀ ਹੈ। ਇਸ ਵਿਚਲਾ ਮਨੁੱਖ ਤਾਕਤ ਚਾਹੁੰਦਾ ਹੈ। …..ਗੀਤਾ ਵਿਚ ਉਹ ਤਾਕਤ ਵਧਾਉਣ ਦੀ ਮਾਨਸਿਕਤਾ ਦਾ ਅਧਿਆਤਮਕ ਤਰਕ

ਪੇਸ਼ ਕਰਦਾ ਹੈ। ਇਹ ਦੋਵੇਂ ਹਿੱਸੇ ਆਪਣੇ ਆਪ ਵਿਚ ਇਕ ਵਿਰੋਧ ਸਿਰਜਦੇ ਹਨ। ਇਨ੍ਹਾਂ ਵਿਰੋਧਤਾਵਾਂ ਵਿਚ ਘਿਰਿਆ ਮਨੁੱਖ ਮੇਰਾ ਕ੍ਰਿਸ਼ਨ ਹੈ।'

ਨਾਟਕ ਦਾ ਕਾਰਜ ਜ਼ਿਆਦਾਤਰ ਕ੍ਰਿਸ਼ਨ ਦੇ ਸਿਆਸੀ ਜੀਵਨ ਨਾਲ ਸੰਬੰਧਤ ਹੈ। ਉਹ ਕ੍ਰਿਸ਼ਨ ਦੇ ਅਜੋਕੇ ਸਮੇਂ ਵਿਚ ਪ੍ਰਵਾਨਤ ਰੂਪ ਉੱਪਰ ਕਿੰਤੂ ਨਹੀਂ ਕਰਦਾ ਸਗੋਂ ਉਸ ਰੂਪ ਨੂੰ ਆਪਣੇ ਨਾਟਕ ਦੀ ਪਿੱਠਭੂਮੀਂ ਵਿਚ ਰਖਦਾ ਹੈ ਜਦੋਂ ਕ੍ਰਿਸ਼ਨ ਦੇ ਕਿਰਦਾਰ ਦਾ ਨਿਰਮਾਣ ਹੋ ਰਿਹਾ ਸੀ ਤੇ ਪਰਿਵਰਤਨ ਵੀ ਵਾਪਰਨਾ ਸ਼ੁਰੂ ਹੋ ਗਿਆ ਸੀ। ਇਹ ਕ੍ਰਿਸ਼ਨ ਇਕ ਮਹਾਂ-ਨਾਇਕ ਬਣਨ ਤੋਂ ਪਹਿਲਾਂ ਇਕ ਯੋਧਾ ਅਤੇ ਨੀਤੀਵਾਨ ਸੀ। ਉਸ ਨੇ ਆਪਣੀ ਸਿਆਸੀ ਸੂਝ ਅਤੇ ਸ਼ਕਤੀ ਦੀ ਵਰਤੋਂ ਨਾਲ ਆਪਣੇ ਸਮੇਂ ਵਿਚ ਕਾਫੀ ਰਸੂਖ ਹਾਸਲ ਕਰ ਲਿਆ ਸੀ। ਇਥੋਂ ਤਕ ਕਿ ਕ੍ਰਿਸ਼ਨ ਦੇ ਕਹੇ ਹੋਏ ਬੋਲ ਸਮਾਜ ਦੇ ਨੇਮ ਸਮਝੇ ਜਾਣ ਲਗ ਪਏ ਸਨ। ਧਰਮ ਦੀ ਬੁਨਿਆਦ ਅਤੇ ਸਰਪਰਸਤੀ ਹੇਠ ਕਾਇਮ ਸਮਾਜਕ ਵਿਵਸਥਾ ਨੇ ਕ੍ਰਿਸ਼ਨ ਦੇ ਕਿਰਦਾਰ ਨੂੰ ਮਜ਼ਬੂਤ ਵੀ ਕੀਤਾ ਤੇ ਇਸਨੂੰ ਅਹਿਮੀਅਤ ਦੇਕੇ ਮਹਾਂ-ਨਾਇਕ ਦਾ ਦਰਜਾ ਦੇ ਦਿਤਾ। ਨਾਟਕਕਾਰ ਇਸ ਪ੍ਰਕਿਰਿਆ ਦੌਰਾਨ ਕ੍ਰਿਸ਼ਨ ਦੇ ਯੁੱਗ ਵਿਚ ਵਾਪਰੀਆਂ ਘਟਨਾਵਾਂ ਨੂੰ ਵੱਖਰੇ ਨਜ਼ਰੀਏ ਤੋਂ ਬਿਆਨ ਕਰਨ ਦਾ ਸਾਹਸ ਕਰਦਾ ਹੈ। ਘਟਨਾਵਾਂ ਵੀ ਉਹ ਜਿਨ੍ਹਾਂ ਵਿਚ ਕ੍ਰਿਸ਼ਨ ਸ਼ਾਮਲ ਰਿਹਾ ਤੇ ਜਿਸ ਲਈ ਉਹ ਜਿੰਮੇਵਾਰ ਵੀ ਸੀ। ਹਾਲੇ ਤਕ ਉਨ੍ਹਾਂ ਘਟਨਾਵਾਂ ਨੂੰ ਕ੍ਰਿਸ਼ਨ ਦੇ ਮਹਾਂ-ਨਾਇਕ ਬਣਨ ਦੇ ਅਮਲ ਵਜੋਂ ਦੇਖਿਆ ਜਾਂਦਾ ਰਿਹਾ ਹੈ ਪਰ ਦਮਿਤ ਇਤਿਹਾਸ ਦੇ ਸਰੋਤਾਂ ਦੀ ਤਲਾਸ਼ ਕਰਦਿਆਂ ਇਨ੍ਹਾਂ ਘਟਨਾਵਾਂ ਦੀ ਪਰਿਭਾਸ਼ਾ ਹੀ ਬਦਲ ਜਾਂਦੀ ਹੈ।

ਦਮਿਤ ਚੇਤਨਾ ਦੀ ਦ੍ਰਿਸ਼ਟੀ ਤੋਂ ਮਿਥਿਹਾਸ ਦੀ ਪੁਰਨ-ਵਿਆਖਿਆ ਕਰਨ ਲਈ ਨਾਟਕਕਾਰ ਕ੍ਰਿਸ਼ਨ ਦੀ ਜਰਾ ਹੱਥੋਂ ਹੋਈ ਮ੍ਰਿਤੂ ਦੀ ਮਿਥਿਹਾਸਕ ਘਟਨਾ ਨੂੰ ਆਪਣੇ ਨਾਟਕੀ ਕਾਰਜ ਦਾ ਹਿੱਸਾ ਬਣਾਉਂਦਾ ਹੈ। ਇਸ ਤੋਂ ਇਲਾਵਾ ਕ੍ਰਿਸ਼ਨ ਦੇ ਜੀਵਨ ਨਾਲ ਸੰਬੰਧਤ ਕੁਝ ਹੋਰ ਘਟਨਾਵਾਂ ਨੂੰ ਉਸ ਦੇ ਚਰਿੱਤਰ ਦੀ ਪੁਨਰ-ਪਰਿਭਾਸ਼ਾ ਲਈ ਵਰਤਿਆ ਗਿਆ ਹੈ। (ਜਿਵੇਂ ਕਿ ਕ੍ਰਿਸ਼ਨ ਦਾ ਅਰਜੁਨ ਨਾਲ ਮਿਲਕੇ ਖਾਂਡਵ-ਵਣ ਨੂੰ ਸਾੜਨਾ, ਮਥੁਰਾ ਤੋਂ ਜਾਕੇ ਦਵਾਰਕਾ ਨਗਰੀ ਵਸਾਉਣਾ ਅਤੇ ਪ੍ਰਭਾਸ-ਖੇਤਰ ਦੀ ਘਟਨਾ ਆਦਿ) ਇਸ ਮੁੱਦੇ ਉੱਪਰ ਹੋਰ ਵਿਸਤਾਰ ਨਾਲ ਚਰਚਾ ਕਰਨ ਤੋਂ ਪਹਿਲਾਂ ਨਾਟਕ ਦੇ ਕਥਾ-ਪ੍ਰਸੰਗ ਉੱਪਰ ਝਾਤ ਮਾਰਨੀ ਜ਼ਰੂਰੀ ਜਾਪਦੀ ਹੈ।

ਨਾਟਕ ਦਾ ਅੰਰਭ ਜਰਾ ਦੇ ਰੋਹ ਦੇ ਪ੍ਰਗਟਾਵੇ ਨਾਲ ਹੁੰਦਾ ਹੈ ਜੋ ਕਿ ਕ੍ਰਿਸ਼ਨ ਅਤੇ ਅਰਜੁਨ ਹੱਥੋਂ ਖਾਂਡਵ ਵਣ ਨੂੰ ਸਾੜੇ ਜਾਣ ਕਾਰਣ ਤਬਾਹ ਤੇ ਬਰਬਾਦ ਹੋ ਚੁੱਕੇ ਜੰਗਲੀ ਕਬੀਲਿਆਂ ਦੀ ਪ੍ਰਤੀਨਿਧਤਾ ਕਰਦਾ ਹੈ। ਜਰਾ ਦੀ ਜ਼ੁਬਾਨੀ ਆਰੀਆ-ਦਰਾਵੜ ਦੇ ਟਕਰਾਓ ਨੂੰ ਬਿਆਨ ਕਰਦਿਆਂ ਨਾਟਕਕਾਰ ਪੀੜਤ ਲੋਕਾਂ ਅੰਦਰ ਰੋਹ ਅਤੇ ਬਦਲੇ ਦੀ ਅੱਗ ਨੂੰ

ਪੇਸ਼ ਕਰਦਾ ਹੈ। ਆਰੀਆ-ਦਰਾਵੜ ਟਕਰਾਓ ਦੌਰਾਨ ਇਸ ਖਿੱਤੇ ਵਿਚ ਜੋ ਸਭਿਆਚਾਰਕ ਉੱਥਲ ਪੁੱਥਲ ਹੋਈ ਉਸ ਵਿਚ ਸ਼ਕਤੀਸ਼ਾਲੀ ਸਮਾਜਕ ਤਾਕਤ ਨੇ ਜਿੱਥੇ ਆਪਣਾ ਵਿਸਤਾਰ ਕੀਤਾ ਉਸਦੇ ਸਿੱਟੇ ਵਜੋਂ ਦਮਨਕਾਰੀ ਸਥਿਤੀਆਂ ਵੀ ਪੈਦਾ ਹੋਈਆਂ। ਜਰਾ ਇਹੋ ਜਿਹੀਆਂ ਦਮਨਕਾਰੀ ਪ੍ਰਸਥਿਤੀਆਂ ਨੂੰ ਬਿਆਨ ਕਰਦਾ ਨਜ਼ਰ ਆਉਂਦਾ ਹੈ।

ਨਾਟਕ ਦੇ ਹੋਰਨਾਂ ਦੋ ਪਾਤਰਾਂ, ਨੰਦੂ ਅਤੇ ਚੰਦੂ, ਦੇ ਵਾਰਤਾਲਾਪ ਰਾਹੀਂ ਨਾਟਕਕਾਰ ਨਾਟਕੀ ਕਾਰਜ ਦਾ ਮਾਹੌਲ ਤਿਆਰ ਕਰਦਾ ਹੈ। ਦੋਵੇਂ ਪਾਤਰ ਦਵਾਰਕਾ ਨਗਰੀ ਦੀ ਨਿੱਘਰ ਰਹੀ ਹਾਲਤ ਨੂੰ ਬਿਆਨ ਕਰਦੇ ਹਨ ਤੇ ਨਾਲੋ ਨਾਲ ਇਸ ਦਸ਼ਾ ਲਈ ਜ਼ਿੰਮੇਵਾਰ ਧਿਰ ਵਲ ਵੀ ਸੰਕੇਤ ਕਰਦੇ ਹਨ:

"ਨੰਦੂ: ਸਾਨੂੰ ਪੁੱਛ ਕੇ ਵੇਖ! ਸਾਨੂੰ!...ਜਿਨ੍ਹਾਂ ਦੇ ਘਰ ਨਿੱਤ ਲੁੱਟੇ ਜਾਂਦੇ ਨੇ! ਪਸ਼ੂ ਚੁਰਾਏ ਜਾਂਦੇ ਨੇ! ਧੀਆਂ ਭੈਣਾਂ ਚੁੱਕੀਆਂ ਜਾਂਦੀਆਂ ਨੇ!....ਵਗਾਰ ਕਰਨੀ ਪੈਂਦੀ ਏ! ਨਾਇਕ ਤੇ ਉਨ੍ਹਾਂ ਦੇ ਸੈਨਿਕ ਅਤਿਆਚਾਰ ਕਰਦੇ ਨੇ…ਤੇ ਤੂੰ…ਤੂੰ ਉਨ੍ਹਾਂ ਦੀ ਮਹਿਮਾ ਗਾ ਰਿਹਾ ਏਂ!

ਚੰਦੂ: ਨਹੀਂ!...ਮੈਂ ਕਿਸੇ ਨਾਇਕ ਦਾ ਦਾਸ ਨਹੀਂ! ਮੈਂ ਸਿਰਫ ਮਹਾਰਾਜ ਉਗ੍ਰਸੈਨ ਤੇ ਕੁਲਸ਼ਿਰੋਮਣੀ ਸ਼੍ਰੀ ਕ੍ਰਿਸ਼ਨ ਦਾ ਸੇਵਕ ਹਾਂ। ਮਹਾਰਾਜ ਉਗ੍ਰਸੈਨ ਸਰਵਉੱਚ ਨੇ। ਉਂਜ ਸਾਰਾ ਕੰਮ ਸ਼੍ਰੀ ਕ੍ਰਿਸ਼ਨ ਦੀ ਦੇਖ ਰੇਖ 'ਚ ਹੁੰਦਾ ਏ। ਉਹ ਧਰਮ ਦੇ ਪੁੰਜ ਨੇ।ਦਵਾਰਕਾ ਦੇ ਰਾਜ ਪ੍ਰਬੰਧ ਵਿਚ ਰਾਜ ਤੇ ਧਰਮ ਦਾ ਸੰਗਮ ਐ। (ਆਪਣੇ ਸ਼ਬਦਾਂ ਵਿਚ ਬਲ ਦਿੰਦਾ ਹੋਇਆ) ਏਥੇ ਨਾ ਤਾਂ ਕਿਸੇ ਜਾਤ ਦਾ ਰਾਜ ਏ, ਨਾ ਕਿਸੇ ਵਰਗ ਦਾ ਤੇ ਨਾ ਈ ਕਿਸੇ ਨਾਇਕ ਦਾ!"

ਰਾਜ-ਪ੍ਰਬੰਧ ਅਮਲੀ ਤੌਰ 'ਤੇ ਕ੍ਰਿਸ਼ਨ ਦੇ ਹੱਥਾਂ ਵਿਚ ਹੋਣ ਤੋਂ ਭਾਵ ਹੈ ਕਿ ਉਹ ਹਰ ਤਰ੍ਹਾਂ ਦੀ ਚੰਗੀ ਜਾਂ ਮਾੜੀ ਹਾਲਤ ਲਈ ਜ਼ਿੰਮੇਵਾਰ ਹੈ। ਇਕ ਪਾਸੇ ਤਾਂ ਰਾਜ ਅਤੇ ਧਰਮ ਦੀ ਗਲ ਕਹੀ ਗਈ ਹੈ ਤੇ ਦੂਜੇ ਪਾਸੇ ਵਗਾਰ ਤੇ ਅਤਿਆਚਾਰ ਦਾ ਬਿਆਨ ਵੀ ਹੈ। ਇਸ ਸਥਿਤੀ ਵਿਚ ਰਾਜ ਪ੍ਰਬੰਧ ਚਲਾਉਣ ਵਾਲਾ ਨਾਇਕ ਬਣਕੇ ਪੇਸ਼ ਨਹੀਂ ਹੋ ਸਕਦਾ। ਦਵਾਰਕਾ ਨਗਰੀ ਦਾ ਜ਼ਿਕਰ ਧਰਮ ਦੇ ਰਾਜ ਵਜੋਂ ਹੁੰਦਾ ਰਿਹਾ ਹੈ। ਮਿਥਿਹਾਸ ਵਿਚ ਮਿਲਦੇ ਸੰਕੇਤਾਂ ਦੇ ਆਧਾਰ ਤੇ ਇਸ ਦੇ ਪਤਨ ਦੀ ਜ਼ਿੰਮੇਵਾਰੀ ਕੁਦਰਤੀ ਤੌਰ ਤੇ ਰਾਜ ਪ੍ਰਬੰਧਕਾਂ ਉੱਪਰ ਹੀ ਆਇਦ ਹੁੰਦੀ ਹੈ। ਇਥੇ ਨਾਟਕਕਾਰ ਦਵਾਰਕਾ ਨਗਰੀ ਦੇ ਸੰਦਰਭ ਵਿਚ 'ਧਰਮ ਦੇ ਰਾਜ' ਉੱਪਰ ਸਵਾਲੀਆ ਨਿਸ਼ਾਨ ਲਗਾ ਦਿੰਦਾ ਹੈ। ਅਰਥਾਤ ਕ੍ਰਿਸ਼ਨ ਰਾਜ ਪ੍ਰਬੰਧ ਨੂੰ ਕੁਸ਼ਲਤਾ ਨਾਲ ਸੰਭਾਲ ਨਹੀਂ ਪਾਇਆ।

ਇਸੇ ਤਰ੍ਹਾਂ ਕ੍ਰਿਸ਼ਨ ਦੇ ਜੀਵਨ ਨਾਲ ਸੰਬੰਧਤ ਜਿਸ ਹੋਰ ਘਟਨਾ ਨੂੰ ਛੁਹਿਆ ਗਿਆ ਹੈ ਉਹ ਹੈ ਉਸ ਦਾ ਮਥਰਾ ਛੱਡਕੇ ਦਵਾਰਕਾ ਨਗਰੀ ਵਸਾਉਣਾ। ਨਾਟਕ ਵਿਚ ਮਥਰਾ ਛੱਡਣ ਪਿੱਛੇ ਪਏ ਕਾਰਣ ਬਾਰੇ ਵੀ ਵੱਖਰਾ ਦ੍ਰਿਸ਼ਟੀਕੋਣ ਵੇਖਣ ਨੂੰ ਮਿਲਦਾ ਹੈ। ਜਿਵੇਂ ਕਿ ਨਾਟਕ ਦੇ ਤੀਸਰੇ ਦ੍ਰਿਸ਼ ਵਿਚ ਮੰਤਰੀ ਕਹਿੰਦਾ ਹੈ:

"ਮੰਤਰੀ: ਹਾਂ ਮਹਾਰਾਜ! ਤੁਸੀਂ ਹੀ ਸਾਨੂੰ ਮਥਰਾ ਤੋਂ ਲੈ ਕੇ ਆਏ। ਉਦੋਂ ਅਸੀਂ ਹਰ ਪਾਸੇ ਤੋਂ ਘਿਰ ਗਏ ਸਾਂ.... ਇਕ ਪਾਸੇ ਕਾਲਯਵਨ ਤੇ ਦੂਸਰੇ ਪਾਸੇ ਜਰਾਸੰਧ...!"

ਉਪਰੋਕਤ ਸੰਵਾਦੀ ਟੋਟੇ ਨਾਲ ਮਹਾਭਾਰਤ ਕਾਲ ਵਿਚ ਨਾਇਕ ਅਤੇ ਯੋਧੇ ਵਜੋਂ ਪ੍ਰਚਲਤ ਕ੍ਰਿਸ਼ਨ ਦੇ ਕਿਰਦਾਰ ਉੱਪਰ ਫਿਰ ਤੋਂ ਸਵਾਲੀਆ ਨਿਸ਼ਾਨ ਲਗ ਜਾਂਦਾ ਹੈ। ਕਿਉਂਕਿ 'ਸੰਕਟ' ਸਥਿਤੀ ਵਿਚੋਂ ਨੱਸ ਜਾਣਾ ਕਿਸੇ ਨਾਇਕ ਦਾ ਕਿਰਦਾਰ ਨਹੀਂ ਹੁੰਦਾ। ਨਾਟਕਕਾਰ ਨੇ ਇਸ ਘਟਨਾ ਦੇ ਹਵਾਲੇ ਨਾਲ ਵੀ ਮਿਥਿਹਾਸ ਹੇਠ ਦੱਬੇ ਸੰਭਾਵਤ ਇਤਿਹਾਸ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਹੈ। ਨਾਟਕ ਦੀ ਤੋਰ ਜਿਵੇਂ ਜਿਵੇਂ ਅਗਾਂਹ ਵਲ ਨੂੰ ਵੱਧਦੀ ਹੈ ਤਿਵੇਂ ਤਿਵੇਂ ਕ੍ਰਿਸ਼ਨ ਦੇ ਜੀਵਨ ਨਾਲ ਸੰਬੰਧਤ ਹੋਰਨਾਂ ਘਟਨਾਵਾਂ ਦਾ ਜ਼ਿਕਰ ਵੀ ਪਾਤਰਾਂ ਦੀ ਜ਼ੁਬਾਨੀ ਪੇਸ਼ ਕੀਤਾ ਜਾਂਦਾ ਹੈ। ਜਿਵੇਂ ਕਿ, ਵ੍ਰਿੰਦਾਵਨ ਤੋਂ ਗਵਾਲੇ ਦਾ ਆਉਣਾ ਅਤੇ ਉਸ ਪਾਸੋਂ ਆਪਣੇ ਮਾਤਾ, ਪਿਤਾ, ਗੋਪ, ਗੋਪੀਆਂ ਦਾ ਹਾਲ ਜਾਨਣਾ। ਇਥੇ ਕ੍ਰਿਸ਼ਨ ਦੇ ਬਚਪਨ ਦੀਆਂ ਯਾਦਾਂ ਪੇਸ਼ ਕਰਦਿਆਂ ਉਸਦੇ ਕਿਰਦਾਰ ਵਿਚਲੇ ਦੋ ਵੱਖੋ ਵੱਖਰੇ ਪੱਖਾਂ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਕ ਵਿਚ ਕ੍ਰਿਸ਼ਨ ਬਚਪਨ ਤੇ ਜਵਾਨੀ ਦੇ ਸਮੇਂ ਕੁਦਰਤੀ ਸਹਿਜਤਾ ਨਾਲ ਵਿਚਰਦਾ ਪ੍ਰਤੀਤ ਹੁੰਦਾ ਹੈ ਤੇ ਦੂਜੇ ਵਿਚ ਇਕ ਯੋਧਾ, ਨਾਇਕ ਤੇ ਰਾਜ ਪ੍ਰਬੰਧਕ। ਇਸ ਤਰ੍ਹਾਂ ਦੇ ਦ੍ਰਿਸ਼ਾਂ ਦੀ ਪੇਸ਼ਕਰੀ ਰਾਹੀਂ ਨਾਟਕਕਾਰ 'ਕ੍ਰਿਸ਼ਨ' ਦੀ ਮਿਥਿਹਾਸਕ ਕਥਾ ਵਸਤੂ ਦੇ ਨਿਕਟ ਰਹਿਣ ਦੀ ਕੋਸ਼ਿਸ਼ ਕਰਦਾ ਹੈ ਤਾਂ ਜੋ ਇਸਦੇ ਕਿਰਦਾਰ ਦੀ ਪੁਨਰ ਵਿਆਖਿਆ ਦਾ ਕਾਰਜ ਸਹਿਜ ਹੋ ਸਕੇ।

ਨਾਟਕ ਦੇ ਚੌਥੇ ਦ੍ਰਿਸ਼ ਵਿਚ ਨਾਟਕਕਾਰ ਆਪਣੇ ਵਿਸ਼ੇ ਪ੍ਰਤੀ ਹੋਰ ਗਹਿਰਾਈ ਦਰਸਾਉਂਦਾ ਹੋਇਆ ਦਵਾਰਕਾ ਰਾਜ ਦੀ ਦੁਰਦਸ਼ਾ ਲਈ ਜ਼ਿੰਮੇਵਾਰੀ ਨਿਸਚਿਤ ਕਰਨ ਦਾ ਉਪਰਾਲਾ ਕਰਦਾ ਹੈ। ਇਥੇ ਯੂਨਾਨੀ ਤ੍ਰਾਸਦੀ ਵਿਚ ਵਰਤੀ ਜਾਂਦੀ ਭਵਿੱਖਵਾਣੀ ਜਾਂ ਸਰਾਪ ਵਾਲੀ ਨਾਟਕੀ ਤਕਨੀਕ ਦਾ ਸਹਾਰਾ ਲਿਆ ਗਿਆ ਹੈ। ਤ੍ਰਾਸਦੀ ਦੇ ਇਕ ਹੋਰ ਵਿਧੀਮੂਲਕ ਤੱਤ ਦੀ ਵਰਤੋਂ ਕਰਦਿਆਂ ਨਾਟਕਕਾਰ ਦਵਾਰਕਾ ਦੀ ਦੁਰਦਸ਼ਾ ਦੀ ਜ਼ਿੰਮੇਵਾਰੀ ਰਾਜੇ ਉੱਪਰ ਆਇਦ ਕਰਦਾ ਹੈ। ਅਰਥਾਤ ਰਾਜ ਪ੍ਰਬੰਧ ਚਲਾਉਣ ਵਾਲੇ ਉੱਪਰ। ਜਿਵੇਂ ਕਿ ਇਨ੍ਹਾਂ ਸੱਤਰਾਂ ਵਿਚ ਸਪਸ਼ਟ ਹੁੰਦਾ ਹੈ:

"ਤੀਵੀਂ: ਕੋਈ ਉਸਨੂੰ ਡਾਇਣ ਨੇ ਕਹਿੰਦੇ

ਕੋਈ ਕਹਿਣ ਹੋਣੀ ਦੀ ਜਾਈ!

ਕਈ ਉਸਨੂੰ ਦੁਰਸੀਸ ਆਖਦੇ

ਸ਼ਾਪ ਦੀ ਉਹ ਪਰਛਾਈ

ਕੌਣ ਪਛਾਣੇ ਓਸ ਨੂੰ

ਉਹ ਨੰਗੀ ਬੇਹਯਾਈ?

ਪਰਛਾਵਾਂ ਅਧਰਮੀ ਰਾਜ ਦਾ

ਕਿੱਥੇ ਜਾਏ ਲੋਕਾਈ?"

ਇਥੇ ਨਾਟਕਕਾਰ ਕ੍ਰਿਸ਼ਨ ਨੂੰ ਗੰਧਾਰੀ ਵਲੋਂ ਦਿਤੇ ਗਏ ਸਰਾਪ ਵਲ ਸੰਕੇਤ ਕਰਦਾ ਹੈ। ਉਹ ਦਵਾਰਕਾ ਉੱਪਰ ਪੈ ਰਹੀ ਬਿਪਤਾ ਲਈ ਰਾਜੇ ਦੇ 'ਅਧਰਮੀ' ਹੋਣ ਦੀ ਸੰਭਾਵਨਾ ਅੱਗਰਭੂੰਮੀ ਵਿਚ ਲਿਆਉਣ ਦਾ ਜਤਨ ਕਰਦਾ ਹੈ। ਕ੍ਰਿਸ਼ਨ ਦੇ ਪੁੱਤਰ ਸਾਂਭ ਨੂੰ ਰਿਸ਼ੀਆਂ ਦੇ ਸਰਾਪ, ਗੰਧਾਰੀ ਦੇ ਸਰਾਪ ਅਤੇ ਮਥਰਾ ਦੇ ਰੂਪ ਵਿਚ ਆਪਣੀ ਮਿੱਟੀ ਨੂੰ ਛੱਡਣ ਦੇ ਸਰਾਪ ਆਦਿ ਨੂੰ ਵੀ ਸਥਿਤੀਆਂ ਦੀ ਗੰਭੀਰਤਾ ਦਰਸਾਉਣ ਲਈ ਬਿਆਨਿਆ ਗਿਆ ਹੈ। ਦਵਾਰਕਾ ਦੀ ਹਾਲਤ ਨੂੰ ਧਰਮ ਅਤੇ ਅਧਰਮ ਦੀ ਕਸਵੱਟੀ ਉੱਪਰ ਰੱਖਕੇ ਦੇਖਦਿਆਂ ਨਾਟਕਕਾਰ ਮਿਥਿਹਾਸ ਦੀਆਂ ਡੂੰਘੀਆਂ ਸਥਾਪਨਾਵਾਂ ਨੂੰ ਪੁਨਰ ਪਰਿਭਾਸ਼ਤ ਕਰਨ ਦਾ ਇਰਾਦਾ ਰਖਦਾ ਹੈ। ਜਿਵੇਂ ਕਿ ਨਾਟਕ ਵਿਚ ਸੰਵਾਦ ਹੈ:

"ਦੂਸਰੀ ਤੀਵੀਂ: ਭਗਵਾਨ ਹੈ ਤਾਂ ਮੌਤ ਕਿਉਂ?

ਧਰਮ ਹੈ ਤਾਂ ਦੁੱਖ ਕਿਉਂ?

ਫਿਰ ਕਿਉਂ ਮਰੀਏ ਭੁੱਖੇ ਭਾਣੇ?

ਸੁੱਕਣ ਬੂਟੇ ਰੁੱਖ ਕਿਉਂ?"

ਇਸ ਦ੍ਰਿਸ਼ ਵਿਚ ਕ੍ਰਿਸ਼ਨ ਦੇ ਭਗਵਾਨ-ਸਰੂਪ ਹੋਣ ਦੀ ਸਥਾਪਨਾ ਉੱਪਰ ਸਵਾਲ ਖੜਾ ਕੀਤਾ ਗਿਆ ਹੈ। ਇਸਦਾ ਕਾਰਣ ਇਹ ਵੀ ਹੈ ਕਿ ਨਾਟਕਕਾਰ ਜਿਸ ਕ੍ਰਿਸ਼ਨ ਨੂੰ ਆਪਣੇ ਨਾਟਕ ਦਾ ਪਾਤਰ ਬਣਾਉਂਦਾ ਹੈ ਓਸਨੂੰ ਉਹ ਮਿਥਿਹਾਸ ਚੋਂ ਕੱਢਕੇ ਇਤਿਹਾਸ ਵਿਚ ਲਿਆਉਣਾ ਚਾਹੁੰਦਾ ਹੈ। ਇਸ ਮੰਤਵ ਦੀ ਪੂਰਤੀ ਲਈ ਕ੍ਰਿਸ਼ਨ ਦਾ ਇਨਸਾਨੀ ਪਾਤਰ ਦੇ ਨਿਕਟ ਹੋਣਾ ਵਧੇਰੇ ਲੋੜੀਂਦਾ ਹੈ। ਇਸੇ ਅਮਲ ਵਿਚ ਨਾਟਕਕਾਰ ਮਿਥਿਹਾਸ ਦੀਆਂ ਕੁਝ ਗੈਰ-ਕੁਦਰਤੀ ਜਾਪਦੀਆਂ ਸਥਾਪਨਾਵਾਂ ਨੂੰ ਤੋੜਦਾ ਨਜ਼ਰ ਆਉਂਦਾ ਹੈ। ਨਾਟਕ ਵਿਚ ਜਦੋਂ ਲੋਕੀਂ ਦਵਾਰਕਾ ਦੀਆਂ ਸਮੱਸਿਆਵਾਂ ਦੇ ਨਿਦਾਨ ਲਈ ਕ੍ਰਿਸ਼ਨ ਕੋਲ

ਜਾਂਦੇ ਹਨ ਤਾਂ ਬ੍ਰਾਹਮਣ ਦੇ ਪਾਤਰ ਰਾਹੀਂ 'ਭਗਵਾਨ' ਸ਼ਬਦ ਦੀ ਅਜੋਕੀ ਪਰਿਭਾਸ਼ਾ ਦੀ ਥਾਂ ਇਸਦਾ ਮੂਲ ਅਰਥ ਸਪਸ਼ਟ ਕਰਨ ਦੀ ਚੇਸ਼ਟਾ ਕੀਤੀ ਗਈ ਹੈ:

"ਬ੍ਰਾਹਮਣ: (ਵਿਅੰਗ ਨਾਲ) ਹਾਂ ਜਾਓ! ਭਗਵਾਨ ਕ੍ਰਿਸ਼ਨ ਕੋਲ ਜਾਓ!... ਭਗਵਾਨ ਕ੍ਰਿਸ਼ਨ!...ਭਗਵਾਨ ਅਖਵਾਉਣ ਦੀ ਤਾਂ ਰੀਤ ਈ ਚਲ ਪਈ ਐ!

. . . .

ਭੁੱਲ ਗਏ ਓ! ਇਹ ਉਹੀ ਭਗਵਾਨ ਐ, ਜਿਨ੍ਹੇ ਕੌਰਵਾਂ ਤੇ ਪਾਂਡਵਾਂ ਨੂੰ ਲੜਾਇਆ! ਅਠਾਰਾਂ ਖੂਹਣੀਆਂ ਗਰਕ ਕਰਾ ਦਿੱਤੀਆਂ!

. . .

ਹਾਂ ਕ੍ਰਿਸ਼ਨ ਜਿੱਤੇ ਸਨ!...ਤੇ ਜਿੱਤਣ ਵਾਲੇ ਨੂੰ ਹੀ ਭਗਵਾਨ ਕਹਿੰਦੇ ਨੇ!

ਇਸ ਤਰ੍ਹਾਂ ਨਾਟਕਕਾਰ ਕ੍ਰਿਸ਼ਨ ਦੇ ਕਿਰਦਾਰ ਨਾਲ ਜੁੜੀਆਂ ਕਈ ਮਿਥਿਹਾਸਕ ਮਾਨਤਾਵਾਂ ਨੂੰ ਪੁਨਰ ਪਰਿਭਾਸ਼ਤ ਕਰਨ ਦੀ ਚੇਸ਼ਟਾ ਕਰਦਾ ਹੈ। ਇਸਦੇ ਨਾਲ ਹੀ ਦਵਾਰਕਾ ਦੀ ਹਾਲਤ ਲਈ ਵੀ ਕ੍ਰਿਸ਼ਨ ਦੇ ਜ਼ਿੰਮੇਵਾਰ ਹੋਣ ਦਾ ਨਿਰਣਾ 'ਬ੍ਰਾਹਮਣ' ਪਾਤਰ ਹੱਥੋਂ ਕਰਵਾਉਂਦਾ ਹੈ:

"ਚੌਥਾ ਆਦਮੀ: ਤੇ ਬ੍ਰਾਹਮਣ ਦੇਵਤਾ ਦਾ ਕਹਿਣਾ ਏ…ਕਿ ਇਨ੍ਹਾਂ ਸਭ ਚੀਜ਼ਾਂ ਦੇ
ਉੱਤਰਦਾਈ ਭਗਵਾਨ ਕ੍ਰਿਸ਼ਨ ਨੇ!

ਨਾਟਕਕਾਰ ਕ੍ਰਿਸ਼ਨ ਨੂੰ ਦਵਾਰਕਾ ਨਗਰੀ ਦੇ ਵਿਗੜੇ ਮਾਹੌਲ ਦੇ ਸਨਮੁੱਖ ਕਰਕੇ ਉਸਦੇ ਕਿਰਦਾਰ ਨੂੰ ਇਕ ਸਧਾਰਣ ਇਨਸਾਨੀ ਪਾਤਰ ਵਾਂਗ ਸਥਾਪਤ ਕਰਨ ਦਾ ਜਤਨ ਕਰਦਾ ਹੈ। ਨਾਟਕ ਦੇ ਇਸ ਵਾਰਤਾਲਾਪੀ ਟੋਟੇ ਤੋਂ ਗਲ ਹੋਰ ਵੀ ਸਪਸ਼ਟ ਹੋ ਜਾਦੀਂ ਹੈ:

"ਸੈਨਿਕ ਅਧਿਕਾਰੀ: ਮਹਾਰਾਜ, ਲੋਕ ਬਹੁਤ ਭੜਕੇ ਹੋਏ ਨੇ! ਅੱਗਾਂ ਲਾ ਰਹੇ ਨੇ!
ਅੰਨ ਦੇ ਭੰਡਾਰ ਲੁੱਟ ਰਹੇ ਨੇ! ਨਾਇਕਾਂ ਦੇ ਮਹਿਲਾਂ 'ਚ ਵੜ ਗਏ ਨੇ!
ਕਈ ਤਾਂ ਮਦ ਦੇ ਨਸ਼ੇ 'ਚ ਬੇਸੁੱਧ ਨੇ! ਧੀਆਂ ਭੈਣਾਂ ਦੀ ਪੱਤ ਸੰਕਟ 'ਚ ਹੈ!

ਕ੍ਰਿਸ਼ਨ: ਪਰ ਇਹ ਸਭ ਕੁਝ ਹੋ ਕਿਉਂ ਰਿਹੈ?"

ਕ੍ਰਿਸ਼ਨ ਵਲੋਂ ਦਵਾਰਕਾ ਦੀ ਹਾਲਤ ਬਾਰੇ ਇਹੋ ਜਿਹਾ ਪ੍ਰਤੀਕਰਮ ਉਸਨੂੰ ਇਕ ਸਧਾਰਣ ਪਾਤਰ ਤਕ ਘਟਾ ਦਿੰਦਾ ਹੈ। ਇਸ ਤੋਂ ਉਪਰੰਤ ਨਾਟਕਕਾਰ ਇਕ ਵਾਰ ਫਿਰ ਜਰਾ ਦੀ ਕਹਾਣੀ ਨੂੰ ਅੱਗੇ ਤੋਰਕੇ ਨਾਟਕੀ ਕਾਰਜ ਦੇ ਮੇਚ ਕਰਾਉਂਦਾ ਹੈ।

ਜਰਾ ਅਤੇ ਉਸਦੇ ਸਾਥੀਆਂ ਅੰਦਰ ਰੋਹ ਵੱਧਦਾ ਦਰਸਾਇਆ ਗਿਆ ਹੈ। ਕ੍ਰਿਸ਼ਨ ਨੂੰ ਵੀ ਇਸਦੀ ਸਰਸਰੀ ਜਿਹੀ ਜਾਣਕਾਰੀ ਹੈ ਪਰ ਉਹ ਇਸ ਬਾਰੇ ਬਹੁਤਾ ਗੰਭੀਰ ਨਹੀਂ ਜਾਪਦਾ। ਰੁਕਮਣੀ ਵਲੋਂ ਆਪਣੇ ਪੁੱਤਰ ਦੇ ਹਿਤਾਂ ਬਾਰੇ ਬੋਲਣਾ, ਸਾਤਯਕੀ ਅਤੇ ਕ੍ਰਿਤਵਰਮਾ ਦਾ ਆਪਸੀ ਤਨਾਓ, ਆਦਿ ਦਵਾਰਕਾ ਦੀ ਤਬਾਹੀ ਦੇ ਹੋਰਨਾਂ ਕਾਰਣਾਂ ਨੂੰ ਦਰਸਾਉਂਦਾ ਹੈ। ਨਾਟਕ ਦੇ ਵਿਚਾਰਧਾਰਕ ਪੱਖ ਨਾਲ ਸੰਬੰਧਤ ਚੇਤਨਾ ਨੂੰ ਵੀ ਨਾਟਕੀ ਪਾਤਰਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਜਿਵੇਂ ਕਿ:

"ਰਿਸ਼ੀ: (ਓਸੇ ਤਰ੍ਹਾਂ। ਜਿਵੇਂ ਸੰਮੋਹਨ ਵਿਚ ਹੋਵੇ।) ਨਹੀਂ! ਉਨ੍ਹਾਂ ਵਿਨਾਸ਼ਾਂ ਤੋਂ
ਵੀ ਪ੍ਰਬਲ...ਮਹਾਂਵਿਨਾਸ਼!..ਜਿਸ 'ਤੇ ਨਾ ਕਿਸੇ ਦਾ ਵੱਸ ਚੱਲੇਗਾ...
ਨਾ ਅਧਿਕਾਰ!...ਵਣਾਂ ਦੇ ਰੁੱਖ ਉੱਠਣਗੇ! ਬੀਤੇ ਦੇ ਪ੍ਰੇਤ ਜਾਗਣਗੇ!
ਸਾਗਰ ਦੇ ਤਟ 'ਤੇ ਹੋਣੀ ਦਾ ਨਾਚ ਹੋਵੇਗਾ!

ਇਥੋਂ ਨਾਟਕਕਾਰ ਮਿਥਿਹਾਸ ਵਿਚ ਦੱਬੇ ਪਏ ਦਮਿਤ ਚੇਤਨਾ ਦੇ ਅਹਿਸਾਸ ਨੂੰ ਜ਼ੁਬਾਨ ਦੇਣ ਦੀ ਕੋਸ਼ਿਸ਼ ਕਰਦਾ ਨਜ਼ਰ ਆਉਂਦਾ ਹੈ ਤੇ ਨਾਟਕ ਦਾ ਅਗਲਾ ਘਟਨਾ-ਕ੍ਰਮ ਵੀ ਇਸੇ ਚੇਤਨਾ ਅਧੀਨ ਪਰਿਭਾਸ਼ਤ ਹੁੰਦਾ ਹੈ। ਨਾਟਕ ਵਿਚ ਅੱਗੇ ਕਾਰਜ ਪੱਧਰ ਉੱਤੇ ਭਾਵੇਂ ਦਵਾਰਕਾ ਦੀਆਂ ਘਟਨਾਵਾਂ ਹੀ ਚਲਦੀਆਂ ਨਜ਼ਰ ਆਉਂਦੀਆਂ ਹਨ ਪਰ ਇਸ ਸਭ ਕਾਸੇ ਵਿਚ ਕ੍ਰਿਸ਼ਨ ਅਤੇ ਉਸਦੇ ਵਫਾਦਾਰ ਨਾਇਕ ਸਾਥੀ ਸਾਤਯਕੀ ਅਤੇ ਕ੍ਰਿਤਵਰਮਾ ਆਪੋ ਵਿਚ ਬੇਭਰੋਸਗੀ ਦੇ ਹਾਲਾਤ 'ਚ ਟਕਰਾਉਂਦੇ ਦਿਸਦੇ ਹਨ। ਕ੍ਰਿਸ਼ਨ ਉਨ੍ਹਾਂ ਦੋਹਾਂ ਦੀ ਤਾਕਤ ਘਟਾ ਕੇ ਆਪਣੀ ਤਾਕਤ ਵਧਾਉਣ ਦੀ ਵਿਉਂਤ ਨਾਲ ਪ੍ਰਭਾਸ ਖੇਤਰ ਦੇ ਕਾਂਡ ਲਈ ਤਿਆਰ ਹੁੰਦਾ ਹੈ। ਪਰ ਇਸਦਾ ਨਤੀਜਾ ਵੀ ਦਵਾਰਕਾ ਅਤੇ ਕ੍ਰਿਸ਼ਨ ਲਈ ਘਾਤਕ ਸਾਬਤ ਹੁੰਦਾ ਹੈ। ਨਾਟਕਕਾਰ ਨੇ ਇਸ ਥਾਂ ਆਪਣੀ ਸਿਰਜਣਾਤਮਕ ਖੁੱਲ੍ਹ ਨੂੰ ਵਰਤਦਿਆਂ, ਜਰਾ ਨੂੰ ਆਪਣੇ ਮਕਸਦ ਵਿਚ ਕਾਮਯਾਬ ਹੁੰਦਿਆਂ ਦਰਸਾਇਆ ਹੈ:

"ਜਰਾ: . . . ਅੱਜ ਮੈਨੂੰ ਉਸ ਘਾਲਣਾ ਦਾ ਫਲ ਮਿਲਿਐ! ਮੈਂ ਆਪਣੀ
ਭਾਵੀ ਨੂੰ ਪਾਇਐ!...ਤੇ ਇਸ ਲਈ ਇਹ ਸਾਡੇ ਇਤਿਹਾਸ ਦਾ ਸਭ
ਤੋਂ ਸੁਨਹਿਰੀ ਦਿਨ ਹੈ!"

ਜਰਾ ਦੇ ਇਸ ਸੰਵਾਦ ਰਾਹੀਂ ਨਾਟਕਕਾਰ ਆਪਣੇ ਵਿਸ਼ੈ ਦੀ ਗਹਿਰਾਈ ਨੂੰ ਸਪਸ਼ਟ ਕਰਦਾ ਹੈ ਅਤੇ ਨਾਲ ਹੀ ਉਹ ਇਤਿਹਾਸ ਸਿਰਜਣ ਦੀ ਪ੍ਰਕਿਰਿਆ ਬਾਰੇ ਵੀ ਚੇਤਨ ਹੈ। ਕ੍ਰਿਸ਼ਨ ਅਤੇ ਜਰਾ ਦੇ ਅੰਤਿਮ ਸੰਵਾਦ ਰਾਹੀਂ ਉਹ ਦਮਿਤ ਇਤਿਹਾਸ ਤੇ ਦਮਿਤ ਚੇਤਨਾ ਦੇ ਮਸਲੇ ਨੂੰ ਅੱਗਰਭੂਮੀਂ ਵਿਚ ਲੈ ਆਉਂਦਾ ਹੈ:

"ਕ੍ਰਿਸ਼ਨ: ਮੂਰਖ ਭੀਲ! ਇਤਿਹਾਸ ਤੇਰੇ ਸ਼ਬਦਾਂ ਦਾ ਦੀਵਾ ਨਹੀਂ, ਜੋ ਤੇਰੇ ਕਹਿਣ ਤੇ ਜਗੇਗਾ ਤੇ ਤੇਰੇ ਕਹਿਣ ਤੇ ਬੁਝੇਗਾ!...ਇਤਿਹਾਸ ਮੈਂ ਹਾਂ! ਇਤਿਹਾਸ ਦਵਾਰਕਾ ਹੈ!
ਜੰਗਲ ਵੀ ਕਦੇ ਇਤਿਹਾਸ ਹੋਇਐ? ਤੇਰੇ ਜੰਗਲ ਦਾ ਸਮਾਂ, ਵਣਵਾਸੀ, ਮੁੱਕ ਚੁੱਕੈ!

ਜਰਾ: ਹੋ ਸਕਦੈ, ਇਹ ਸਮਾਂ ਸਾਡਾ ਨਾ ਹੋਵੇ! ਸਾਡੇ ਵਣਾਂ ਦਾ ਸਮਾਂ ਨਾ ਹੋਵੇ! ਪਰ ਇਹ ਪਲ....ਇਹ ਪਲ ਮੇਰਾ ਹੈ! ਇਸ ਯੁੱਗ ਵਿਚ ਤੂੰ ਮੇਰੇ ਤੀਰ ਨਾਲ ਮਰ ਰਿਹੈਂ! ਇਹੀ
ਇਸ ਪਲ ਦਾ ਸੱਚ ਐ!"

ਨਾਟਕ ਦੇ ਉਪਰੋਕਤ ਅੰਤਮ ਸ਼ਬਦ ਕ੍ਰਿਸ਼ਨ ਅਤੇ ਜਰਾ ਦੇ ਵਿਚਾਰਧਾਰਕ ਵਿਰੋਧਾਂ ਨੂੰ ਸਾਹਮਣੇ ਲਿਆਉਣ ਦਾ ਜਤਨ ਕਰਦੇ ਹਨ। ਜਿਸ ਵਿਚ ਕ੍ਰਿਸ਼ਨ ਦਮਨਕਾਰੀ ਸਮਾਜਕ ਵਿਵਸਥਾ ਦੀ ਧਿਰ ਬਣਦਾ ਜਾਪਦਾ ਹੈ ਤੇ ਜਰਾ ਦਮਿਤ ਧਿਰ ਦਾ ਇਕ ਪ੍ਰਤੀਨਿਧ। ਇਸ ਤਰ੍ਹਾਂ ਅਸੀਂ ਦੇਖਿਆ ਕਿ, ਨਾਟਕਕਾਰ ਦਮਿਤ ਵਰਗ ਦੀ ਅਜੋਕੀ ਹਾਲਤ ਲਈ ਜ਼ਿੰਮੇਵਾਰ ਸ਼ੋਸ਼ਣਕਾਰੀ ਸਮਾਜਕ ਬਣਤਰ ਦੇ ਪਿਛੋਕੜ ਅਤੇ ਪਰੰਪਰਾ ਦੀ ਤਲਾਸ਼ ਕਰਦਿਆਂ ਭਾਰਤੀ ਇਤਿਹਾਸ ਅਤੇ ਮਿਥਿਹਾਸ ਵਿਚ ਝਾਤ ਮਾਰਨ ਦਾ ਜਤਨ ਕਰ ਰਿਹਾ ਹੈ। ਇਹ ਨਾਟਕ ਦੋ ਪੱਧਰਾਂ ਉੱਪਰ ਅਧਿਐਨ ਦੀ ਮੰਗ ਕਰਦਾ ਹੈ। ਇਕ ਦਮਿਤ ਇਤਿਹਾਸ ਦੀ ਭਾਲ ਤੇ ਦਮਿਤ ਚੇਤਨਾ ਦੇ ਨਜ਼ਰੀਏ ਤੋਂ ਅਤੇ ਦੂਜਾ ਮਿਥਿਹਾਸ ਦੇ ਵਿਸਥਾਪਨ ਜਾਂ ਪੁਨਰ ਪਰਿਭਾਸ਼ਾ ਦੇ ਨਜ਼ਰੀਏ ਤੋਂ। ਇਹ ਦੋਵੇਂ ਮੁੱਦੇ ਬਹੁਤ ਸੰਜੀਦਾ ਵਿਸ਼ਲੇਸ਼ਣ ਦੀ ਮੰਗ ਕਰਦੇ ਹਨ।

ਨਾਟਕ ਦਾ ਪ੍ਰਮੁੱਖ ਮਸਲਾ ਹੈ ਦਮਿਤ ਇਤਿਹਾਸ ਤੇ ਦਮਿਤ ਚੇਤਨਾ ਦੀ ਤਲਾਸ਼:

ਇਤਿਹਾਸ ਸ਼ਕਤੀਸ਼ਾਲੀ ਤੇ ਸਮਰੱਥ ਦਾ ਰਚਿਆ ਹੁੰਦਾ ਹੈ ਤੇ ਉਹੀ ਉਪਲਬਧ ਰਹਿੰਦਾ ਹੈ ਪਰ ਇਕ ਇਤਿਹਾਸ ਉਸ ਵਰਗ ਦਾ ਵੀ ਹੁੰਦਾ ਹੈ ਜੋ ਸ਼ਕਤੀਸ਼ਾਲੀ ਨਹੀਂ ਹੁੰਦਾ ਤੇ ਸ਼ਕਤੀਸ਼ਾਲੀ ਜਾਂ ਸਮਰੱਥਾਵਾਨ ਦੀ ਅਧੀਨਗੀ ਵਿਚ ਹੁੰਦਾ ਹੈ। ਇਸਦੀ ਤਲਾਸ਼ ਮਿਥਿਹਾਸ ਵਿਚੋਂ ਵੀ ਕੀਤੀ ਜਾਂਦੀ ਹੈ ਕਿਉਂਕਿ ਮਿਥਿਹਾਸ ਨੇ ਲੰਮੇ ਸਮੇਂ ਦੇ ਇਤਿਹਾਸ ਨੂੰ ਹੀ ਆਪਣੇ ਅੰਦਰ ਸਮੋਇਆ ਹੁੰਦਾ ਹੈ। ਮਿਥਿਹਾਸ ਵਿਚ ਇਤਿਹਾਸ ਵੀ ਕੰਮ ਕਰ ਰਿਹਾ ਹੁੰਦਾ ਹੈ ਜਿਸਨੂੰ ਪਛਾਣ ਕੇ ਨਿਖੇੜਨ ਦੀ ਲੋੜ ਪੈਂਦੀ ਹੈ ਤੇ ਮਿਥਿਹਾਸ ਦੇ ਕਾਫੀ ਵੇਰਵੇ ਰੱਦ ਕਰਨੇ ਪੈਂਦੇ ਹਨ। ਇਸੇ ਇਤਿਹਾਸ ਵਿਚ ਇਕ ਉਹ ਹਿੱਸਾ ਵੀ ਹੁੰਦਾ ਹੈ ਜੋ ਦਬਿਆ ਪਿਆ ਹੁੰਦਾ ਹੈ ਜਾਂ ਦਬਾ ਦਿਤਾ ਜਾਂਦਾ ਹੈ। ਇਸ ਦੱਬੇ ਹੋਏ ਇਤਿਹਾਸ ਦੀ ਮੌਜੂਦਗੀ ਪ੍ਰਚੱਲਤ ਇਤਿਹਾਸ ਅੰਦਰ ਹੀ ਲੁਕੀ ਹੋਈ ਹੈ ਤੇ ਇਸਨੂੰ ਲੱਭਣ ਦਾ ਮਸਲਾ ਹੀ ਅਹਿਮ ਹੈ। ਕਮਜ਼ੋਰ ਤਬਕੇ ਦੇ ਲੋਕਾਂ ਦੇ ਇਸ ਦਮਿਤ

ਇਤਿਹਾਸ ਦੀ ਤਲਾਸ਼ ਬਹੁਤ ਕਠਿਨ ਕਾਰਜ ਹੈ ਤੇ ਇਸ ਦਿਸ਼ਾ ਵਿਚ ਸਵਰਾਜਬੀਰ ਦਾ ਇਹ ਨਾਟਕ ਬਹੁਤ ਮਹੱਤਵ ਪੂਰਣ ਕਾਰਜ ਕਰਦਾ ਪ੍ਰਤੀਤ ਹੁੰਦਾ ਹੈ।

ਇਸ ਤਰ੍ਹਾਂ ਨਾਟਕਕਾਰ ਨੇ ਕ੍ਰਿਸ਼ਨ ਨਾਲ ਜੁੜੇ ਮਿਥਿਹਾਸਕ ਵੇਰਵਿਆਂ ਰਾਹੀਂ ਦਮਿਤ ਦੇ ਇਤਿਹਾਸ ਦੀ ਤਲਾਸ਼ ਕਰਨ ਦਾ ਸ਼ਲਾਘਾਯੋਗ ਜਤਨ ਕੀਤਾ ਹੈ। ਵਰਤਮਾਨ ਵਿਚ ਦਮਿਤ ਦੀ ਸਭਿਆਚਾਰਕ ਪਛਾਣ ਕਾਇਮ ਕਰਨ ਲਈ ਇਸਦੀਆਂ ਜੜਾਂ ਦੀ ਤਲਾਸ਼ ਮਿਥਿਹਾਸ ਦੇ ਰੂਪ ਵਿਚ ਮਿਲਦੇ ਇਤਿਹਾਸਕ ਸੂਤਰਾਂ ਰਾਹੀਂ ਹੀ ਹੋ ਸਕਦੀ ਹੈ। ਇਸ ਦਿਸ਼ਾ ਵਿਚ ਸਵਰਾਜਬੀਰ ਦਾ ਨਾਟਕ ਇਕ ਪ੍ਰੇਰਣਾ ਦਾ ਸਰੋਤ ਜ਼ਰੂਰ ਰਹੇਗਾ। ਅਜੋਕੀ ਦਮਿਤ ਚੇਤਨਾ ਰਾਜਨੀਤਕ ਤਾਕਤ ਹਾਸਲ ਕਰਕੇ ਆਪਣੇ ਆਰਥਕ ਹੱਕਾਂ ਦੀ ਪੂਰਤੀ ਕਰਨ ਵਿਚ ਤਾਂ ਸਫਲ ਹੋ ਰਹੀ ਹੈ ਪਰ ਅਸਲ ਮੁੱਦਾ ਫਿਰ ਵੀ ਆਪਣੀ ਨਿਵੇਕਲੀ ਸਭਿਆਚਾਰਕ ਪਛਾਣ ਬਣਾਉਣ ਦਾ ਹੀ ਹੈ, ਜਿਸ ਵਾਸਤੇ ਇਤਿਹਾਸਕ ਚੇਤਨਾ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਦੀ ਚੇਤਨਾ (ਦਮਿਤ ਚੇਤਨਾ) ਮੂਲ ਰੂਪ ਵਿਚ ਪ੍ਰਗਤੀਵਾਦ/ਮਾਰਕਸਵਾਦ ਦੇ ਚਿੰਤਨ ਤੋਂ ਪੈਦਾ ਹੋਈਆਂ ਦ੍ਰਿਸ਼ਟੀਆਂ ਦੀ ਉੱਪਜ ਹੈ। ਜਿਸ ਤੋਂ ਪ੍ਰੇਰਿਤ ਹੋ ਕੇ ਸ਼ੋਸ਼ਣ ਦੇ ਸ਼ਿਕਾਰ ਵਰਗਾਂ, ਸ਼੍ਰੇਣੀਆਂ, ਜਾਤੀਆਂ, ਆਦਿ ਨੇ ਆਪਣੀ ਪਛਾਣ ਕਰਕੇ ਲੜਨਾ ਸਿਖਿਆ। ਆਪਣੇ ਹੱਕਾਂ ਬਾਰੇ ਚੇਤਨ ਹੋਏ।

ਅਜੋਕੀ ਦਮਿਤ ਚੇਤਨਾ ਆਧੁਨਿਕ ਕਾਲ ਦੇ ਮਸਲਿਆਂ ਨਾਲ ਜੂਝਦਿਆਂ ਵਿਕਸਤ ਹੋਈ ਹੈ ਅਤੇ ਆਰਥਕ-ਰਾਜਨੀਤਕ ਮਸਲਿਆਂ ਦੇ ਮੱਦੇਨਜ਼ਰ ਆਪਣਾ ਆਕਾਰ ਗ੍ਰਹਿਣ ਕਰ ਰਹੀ ਹੈ। ਪਰ ਇਸ ਪ੍ਰਕਾਰ ਦੀ ਚੇਤਨਾ ਵਿਚੋਂ ਪੈਦਾ ਹੋਈ ਸਥਿਤੀ, ਸਭਿਆਚਾਰਕ ਅਵਚੇਤਨ ਵਿਚ ਇਨਕਲਾਬ ਪੈਦਾ ਨਹੀਂ ਕਰ ਸਕਦੀ। ਸਮਾਜਕ ਅਤੇ ਸਭਿਆਚਾਰਕ ਪੱਧਰ ਤੇ ਇਸ ਮਸਲੇ ਨਾਲ ਨਜਿੱਠਣ ਲਈ ਲਾਜ਼ਮੀ ਹੈ ਕਿ ਇਸਦੀਆਂ ਜੜਾਂ ਦੀ ਤਲਾਸ਼ ਭਾਰਤੀ ਇਤਿਹਾਸ ਤੇ ਮਿਥਿਹਾਸ ਵਿਚ ਕੀਤੀ ਜਾਵੇ । ਇਸ ਪੱਖੋਂ ਸਵਰਾਜਬੀਰ ਦਾ ਉੱਦਮ ਕਾਬਿਲੇ ਤਾਰੀਫ ਹੈ ਤੇ ਇਸ ਦਿਸ਼ਾ ਵਿਚ ਕੰਮ ਕਰਨ ਲਈ ਇਹ ਨਾਟਕ ਇਕ ਬਹੁਤ ਸੰਜੀਦਾ ਤੇ ਇਮਾਨਦਾਰ ਜਤਨ ਹੈ।

ਇਹ ਨਾਟਕ ਸਭਿਆਚਾਰਕ ਅਵਚੇਤਨ ਵਿਚ ਬਹੁਤ ਵੱਡੀ ਹਲਚਲ ਦੀ ਮੰਗ ਕਰਦਾ ਹੈ। ਪਰ ਜੋ ਸਭਿਆਚਾਰ ਬਹੁਤਾ ਕਰਕੇ ਮਿਥਿਹਾਸ ਉਪਰ ਅਧਾਰਤ ਕਦਰਾਂ-ਕੀਮਤਾਂ ਨਾਲ ਸਿਰਜਤ ਹੋਵੇ ਅਤੇ ਜਿਸਦੇ ਮਿਥਿਹਾਸਕ ਸੋਮੇ ਉਸ ਸਭਿਆਚਾਰਕ ਮਨੁੱਖ ਦੀ ਪਛਾਣ ਬਣ ਚੁਕੇ ਹੋਣ ਉਸ ਨੂੰ ਬਦਲਣ ਦੀ ਚੇਸ਼ਟਾ ਬਹੁਤ ਦੁਰਗਮ ਕਾਰਜ ਜਾਪਦਾ ਹੈ। ਸਭਿਆਚਾਰ ਦਾ ਨਿਰਮਾਣ ਬਹੁਤਾ ਕਰਕੇ ਆਪ-ਮੁਹਾਰਾ ਹੁੰਦਾ ਹੈ ਇਹ ਕਿਸੇ ਸੋਚੀ ਸਮਝੀ ਵਿਧੀ ਜਾਂ ਵਿਉਂਤ ਨਾਲ

ਨਿਰਮਤ ਨਹੀਂ ਹੁੰਦਾ। ਜਿਨ੍ਹਾਂ ਸਮਾਜਕ ਸਭਿਆਚਾਰਕ ਕਦਰਾਂ ਕੀਮਤਾਂ ਦਾ ਨਿਰਮਾਣ ਸਮੂਹਕ ਮਨ ਅਰਥਾਤ ਲੋਕਮਨ ਕਰਦਾ ਹੈ ਉਸਨੂੰ ਬਦਲਣ ਦਾ ਵਸੀਲਾ ਵੀ ਲੋਕਮਨ ਹੀ ਹੈ ਅਤੇ ਇਹ ਪ੍ਰਕਿਰਿਆ ਬਹੁਤ ਲੰਮੀ ਹੈ।

ਇਸ ਨਾਟਕ ਦਾ ਇਕ ਹੋਰ ਮੁੱਖ ਮਸਲਾ ਮਿਥਿਹਾਸ ਦੇ ਵਿਸਥਾਪਨ ਦਾ ਹੈ:

ਨਾਟਕਕਾਰ ਕ੍ਰਿਸ਼ਨ ਦੇ ਜੀਵਨ ਨਾਲ ਸੰਬੰਧਤ ਮਿਥਿਹਾਸਕ ਘਟਨਾਵਾਂ ਨੂੰ ਆਪਣੇ ਨਾਟਕੀ ਕਾਰਜ ਦਾ ਅਧਾਰ ਬਣਾਉਂਦਾ ਹੈ। ਜਿਹੜੀਆਂ ਪ੍ਰਮੁੱਖ ਮਿਥਿਹਾਸਕ ਘਟਨਾਵਾਂ ਨੂੰ ਉਹ ਨਾਟਕੀ ਕਾਰਜ ਲਈ ਚੁਣਦਾ ਹੈ ਉਨ੍ਹਾਂ ਨੂੰ ਸਥਾਪਤ ਅਰਥਾਂ ਤੋਂ ਹੀ ਵਿਸਥਾਪਤ ਕਰਨ ਦੀ ਚੇਸ਼ਟਾ ਵੀ ਨਾਲੋਂ ਨਾਲ ਕਰਦਾ ਹੈ। ਮਿਥਿਹਾਸ ਵਿਚ ਜੋ ਕੁਝ ਲੋਕਮਨ ਨੇ ਸਿਰਜਿਆ ਹੈ ਉਸ ਵਿਚ ਕਾਫੀ ਅੰਤਰ-ਵਿਰੋਧ ਵੀ ਨਜ਼ਰ ਆਉਂਦਾ ਹੈ। ਇਹ ਇਕ ਤੱਥ ਹੈ ਕਿ ਪ੍ਰਚੱਲਤ ਇਤਿਹਾਸ ਸ਼ਕਤੀਸ਼ਾਲੀ ਦਾ ਲਿਖਿਆ ਗਿਆ ਹੈ ਅਤੇ ਮਿਥਿਹਾਸ ਵੀ ਸ਼ਕਤੀਸ਼ਾਲੀ ਦਾ ਹੀ ਬਣਿਆ ਹੈ। ਮਿਥਿਹਾਸ ਦੀ ਸਿਰਜਣ ਪ੍ਰਕਿਰਿਆ ਵਿਚ ਇਕ ਤਾਂ ਸ਼ਕਤੀਸ਼ਾਲੀ ਨੂੰ ਹੀ ਮਾਨਤਾ ਮਿਲਦੀ ਹੈ ਅਤੇ ਦੂਜਾ ਉਸ ਨਾਲ ਜੁੜੇ ਕਿਸੇ ਵੀ ਨਾਕਾਰਾਤਮਕ ਵੇਰਵੇ ਨੂੰ ਨਜ਼ਰ ਅੰਦਾਜ਼ ਕਰ ਦਿਤਾ ਜਾਂਦਾ ਹੈ ਜਾਂ ਦਬਾ ਦਿਤਾ ਜਾਂਦਾ ਹੈ।

ਅਰਥਾਤ ਸਮੇਂ ਦੇ ਨਾਲ ਮਿਥਿਹਾਸ ਵਿਚੋਂ ਨਾਇਕ ਦੇ ਵਿਰੋਧੀ ਅਤੇ ਨਾਕਾਰਾਤਮਕ ਵੇਰਵੇ ਹਮੇਸ਼ਾਂ ਰੱਦ ਹੋ ਜਾਂਦੇ ਹਨ ਕਿਉਂਕਿ ਮਹਾਨਾਇਕ ਨਾਲ ਨਾਇਕੀ ਪੱਖ ਹੀ ਜੁੜ ਸਕਦੇ ਹਨ ਨਕਾਰਾਤਮਕ ਪੱਖ ਨਹੀਂ। ਨਾਟਕਕਾਰ ਇਸ ਪੌਰਾਣਕ ਅਤੇ ਸਭ ਤੋਂ ਸ਼ਕਤੀਸ਼ਾਲੀ ਮਿੱਥ ਵਿਚ ਸੋਧ ਕਰਨ ਦੀ ਲਾਲਸਾ ਰਖਦਾ ਹੈ। ਉਹ ਮਹਾਂ-ਨਾਇਕ ਕ੍ਰਿਸ਼ਨ ਦੇ ਕਿਰਦਾਰ ਨਾਲ ਜੁੜੀਆਂ ਕਈ ਮਾਨਤਾਵਾਂ ਨੂੰ ਪਲਟਾਉਣ ਦਾ ਜਤਨ ਕਰਦਾ ਹੈ। ਅਜੋਕੇ ਸਮੇਂ ਵਿਚ ਕ੍ਰਿਸ਼ਨ ਦਾ ਕਿਰਦਾਰ ਭਾਰਤੀ ਸਮਾਜ ਦੇ ਅਵਚੇਤਨ ਦਾ ਹਿੱਸਾ ਬਣ ਚੁੱਕਾ ਹੈ ਜੋ ਕਿ ਬਹੁ-ਗਿਣਤੀ ਲੋਕਾਂ ਦੀਆਂ ਸਮਾਜਕ ਕਦਰਾਂ-ਕੀਮਤਾਂ ਅਤੇ ਵਿਚਾਰਧਾਰਕ ਲੋੜਾਂ ਨੂੰ ਪੂਰਾ ਕਰਨ ਦਾ ਸਾਧਨ ਹੈ। ਕ੍ਰਿਸ਼ਨ ਦਾ ਕਿਰਦਾਰ ਆਰੀਆ ਅਤੇ ਦਰਾਵਿੜਾਂ ਵਿਚਕਾਰ ਟਕਰਾਓ ਤੋਂ ਬਾਅਦ ਦੀ ਸਥਿਤੀ ਵਿਚੋਂ ਪੈਦਾ ਹੁੰਦਾ ਹੈ। ਜੋ ਕਿ ਇਕ ਸਮਨਵੈ ਨੂੰ ਪੇਸ਼ ਕਰਦਾ ਹੈ। ਇਹ ਕਿਰਦਾਰ ਆਰੀਆ ਅਤੇ ਗੈਰ ਆਰੀਆ ਸਭਿਆਚਾਰਾਂ ਵਿਚਕਾਰ ਸੰਵਾਦ ਵਿਚੋਂ ਉਪਜੇ 'ਹਿੰਦੂ ਮਤ" ਦੀ ਪ੍ਰਤੀਨਿਧਤਾ ਕਰਦਾ ਹੈ ਅਤੇ ਇਸ ਬੁਨਿਆਦ ਉੱਪਰ ਸਿਰਜਤ ਸਮਾਜ-ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਦੀ ਸਰਪਰਸਤੀ ਦਾ ਪ੍ਰਤੀਕ ਬਣਦਾ ਹੈ। ਇਸ ਅਮਲ ਵਿਚ ਜਿਨ੍ਹਾਂ ਧਾਰਮਕ ਕਦਰਾਂ ਕੀਮਤਾਂ ਨੂੰ ਪ੍ਰਵਾਨਗੀ ਮਿਲਦੀ ਗਈ ਉਹੀ ਬਹੁ-ਗਿਣਤੀ ਲੋਕਾਂ ਦੇ ਸਮਾਜਕ-ਸਭਿਆਚਾਰਕ ਨਿਰਮਾਣ ਦਾ ਸਾਧਨ ਬਣਦੀਆਂ ਹਨ। ਇਸ ਸਥਿਤੀ ਵਿਚ ਜੋ ਵਰਗ ਜਾਂ ਕਬੀਲੇ ਵਿਸਥਾਪਤ ਹੋਏ ਉਹ ਅਗੋਂ ਜਾਕੇ ਇਸੇ ਸਮਾਜ ਦੀਆਂ ਕਦਰਾਂ ਕੀਮਤਾਂ ਦੇ ਦਮਨ ਦਾ ਸ਼ਿਕਾਰ ਹੋਏ।

ਸਮੇਂ ਦੇ ਨਾਲ ਨਾਲ ਇਹ ਦਮਨ ਹੋਰ ਵਿਸਤ੍ਰਿਤ ਹੋਇਆ ਤੇ ਸਮਾਜ ਦਾ ਇਕ ਵੱਡਾ ਤਬਕਾ ਦਮਿਤ ਸਾਬਤ ਹੋਇਆ। ਪਰ ਸਮੇਂ ਵਿਚ ਪਿੱਛੇ ਜਾਕੇ, ਮਿਥਿਹਾਸ ਨੂੰ ਵਿਸਥਾਪਤ ਕਰਨ ਦਾ ਜਤਨ ਸਫਲ ਹੁੰਦਾ ਪ੍ਰਤੀਤ ਨਹੀਂ ਹੁੰਦਾ। ਇਸਦੇ ਕਈ ਕਾਰਣ ਹੋ ਸਕਦੇ ਹਨ। ਇਕ ਤਾਂ ਇਹ ਕਿ ਮਿਥਿਹਾਸ ਦੀ ਸਿਰਜਣਾ ਲੋਕਮਨ ਹੀ ਕਰ ਰਿਹਾ ਹੁੰਦਾ ਹੈ, ਉਸ ਵਿਚ ਪਰਿਵਰਤਨ ਲਿਆ ਰਿਹਾ ਹੁੰਦਾ ਹੈ, ਕਦੀ ਉਸਨੂੰ ਆਪਣੀਆਂ ਕਦਰਾਂ-ਕੀਮਤਾਂ ਦਾ ਹਿੱਸਾ ਬਣਾਉਂਦਾ ਹੈ ਤੇ ਕਦੀ ਆਪਣੀਆਂ ਕਦਰਾਂ-ਕੀਮਤਾਂ ਦੀਆਂ ਲੋੜਾਂ, ਕਾਮਨਾਵਾਂ ਤੇ ਲੋਚਾਂ ਅਨੁਸਾਰ ਮਿਥਿਹਾਸ ਨੂੰ ਬਦਲ ਵੀ ਦਿੰਦਾ ਹੈ। ਪਰ ਜ਼ਿਆਦਾਤਰ ਇਹ ਕਾਰਜ ਸਮਾਜਕ, ਸਭਿਆਚਾਰਕ ਪੱਧਰ ਉੱਪਰ ਹੀ ਵਾਪਰਦਾ ਹੈ ਜਿਸ ਵਿਚ ਧਰਮ ਵੀ ਇਕ ਧਿਰ ਹੈ। ਇਸ ਲਈ ਇਤਿਹਾਸ ਨੂੰ ਤਾਂ ਦਲੀਲਾਂ ਨਾਲ ਪੁਨਰ ਪਰਿਭਾਸ਼ਤ ਕੀਤਾ ਜਾ ਸਕਦਾ ਹੈ ਪਰ ਮਿਥਿਹਾਸ ਨੂੰ ਪੂਰਣ ਰੂਪ ਵਿਚ ਦਲੀਲਾਂ ਨਾਲ ਨਹੀਂ ਨਜਿੱਠਿਆ ਜਾ ਸਕਦਾ। ਇਸ ਲਈ ਜਾਂ ਤਾਂ ਇਕ ਹੋਰ ਮਿਥਿਹਾਸ ਦੀ ਪਛਾਣ ਕਰਨੀ ਪਏਗੀ ਜਾਂ ਮਹਾਂ ਨਾਇਕ ਦਾ ਸਾਹਮਣਾ ਕਰਾਉਣ ਲਈ ਉਸੇ ਆਕਾਰ ਦਾ ਇਕ ਮਹਾਂ ਨਾਇਕ ਸਿਰਜਣਾ ਪਏਗਾ ਜਿਸਦੇ ਪਛਾਣ ਚਿਹਨ ਉਸੇ ਮਿਥਿਹਾਸ ਵਿਚ ਪਏ ਹੋਣ।

ਨਾਟਕ ਦੇ ਅਧਿਐਨ ਉਪਰੰਤ ਇਸਦੀਆਂ ਵਿਸ਼ੈਗਤ ਤੇ ਵਿਚਾਰਧਾਰਕ ਪ੍ਰਾਪਤੀਆਂ ਬਾਰੇ ਨਿਰਣਾ ਕਰਨ ਲਈ ਕੁਝ ਨੁਕਤੇ ਵੱਖਰੇ ਕਰਕੇ ਵਿਚਾਰਨੇ ਜ਼ਰੂਰੀ ਜਾਪਦੇ ਹਨ :

ਸਵਰਾਜਬੀਰ ਨਾਟਕ ਲਿਖਣ ਦੇ ਅਮਲ ਵਿਚ ਦਮਿਤ ਦੇ ਇਤਿਹਾਸ ਦੀਆਂ ਜੜ੍ਹਾਂ ਦੀ ਬਾਖ਼ੂਬੀ ਤਲਾਸ਼ ਕਰਦਾ ਹੈ ਅਤੇ ਜਰਾ ਨੂੰ ਇਸ ਚੇਤਨਾ ਦੇ ਪ੍ਰਗਟਾਵੇ ਦਾ ਮਾਧਿਅਮ ਬਣਾਉਣ ਦਾ ਜਤਨ ਕਰਦਾ ਹੈ। ਜਰਾ ਜੋ ਕਿ ਕ੍ਰਿਸ਼ਨ ਅਤੇ ਅਰਜੁਨ ਹੱਥੋਂ ਸਾੜੇ ਗਏ ਖਾਂਡਵ ਬਣਾਂ ਵਿਚੋਂ ਬਚੇ ਜਾਂਗਲੀਆਂ ਦੀ ਪ੍ਰਤਿਨਿਧਤਾ ਕਰਦਾ ਹੈ, ਆਪਣੇ ਕਬੀਲੇ ਦੀ ਦੁਰਗਤੀ ਲਈ ਕ੍ਰਿਸ਼ਨ ਨੂੰ ਜਿੰਮੇਵਾਰ ਸਮਝਦਾ ਹੈ। ਕ੍ਰਿਸ਼ਨ ਨੂੰ ਦਮਨਕਾਰੀ ਤਾਕਤਾਂ ਦਾ ਪ੍ਰਤੀਕ ਸਥਾਪਤ ਕਰਨਾ ਕਾਫੀ ਸਨਸਨੀ ਪੈਦਾ ਕਰਨ ਵਾਲਾ ਮਸਲਾ ਹੈ। ਤੇ ਇਸਨੇ ਨਾਟਕ ਦੀ ਪੇਸ਼ਕਾਰੀ ਦੌਰਾਨ ਸਨਸਨੀ ਪੈਦਾ ਵੀ ਕੀਤੀ। ਵਿਚਾਰਨ ਵਾਲੀ ਗਲ ਇਹ ਹੈ ਕਿ ਇਹ ਸਨਸਨੀ ਕਿਉਂ ਬਣੀ ? ਕੀ ਸਿਰਫ ਕ੍ਰਿਸ਼ਨ ਨੂੰ ਅਨਾਇਕ ਸਥਾਪਤ ਕਰਨ ਦੇ ਜਤਨ ਕਾਰਣ ਜਾਂ ਜਰਾ ਨੂੰ ਦਮਿਤ ਚੇਤਨਾ ਵਾਲੇ ਇਕ ਮਹਾਂ-ਨਾਇਕ ਵਜੋਂ ਸਥਾਪਤ ਨਾ ਕਰ ਸਕਣ ਕਾਰਣ ? ਪਰ ਨਾਟਕ ਦੇ ਅਧਿਐਨ ਤੋਂ ਇਕ ਗਲ ਤਾਂ ਸਪਸ਼ਟ ਹੁੰਦੀ ਹੈ ਕਿ ਨਾਟਕਕਾਰ ਆਪਣੀ ਮਿਥਿਹਾਸਕ ਤੇ ਇਤਿਹਾਸਕ ਜਾਣਕਾਰੀ ਮੁਤਾਬਕ ਕ੍ਰਿਸ਼ਨ ਨੂੰ ਇਕ ਸਧਾਰਣ ਨਾਇਕ ਤਕ ਤਾਂ ਲੈ ਆਇਆ ਪਰ ਇਸ ਪ੍ਰਕਿਰਿਆ ਵਿਚ ਉਹ ਜਰਾ ਨੂੰ ਮਹਾਂ-ਨਾਇਕ ਬਣਾਉਣ ਜਾਂ ਜਰਾ ਵਿਚ ਦਮਿਤ ਦੀ ਚੇਤਨਾ ਜਗਾਉਣ ਵਾਲੇ ਵੇਰਵਿਆਂ ਦੀ ਸਿਰਜਣਾ ਨਹੀਂ ਕਰ ਸਕਿਆ। ਜਰਾ ਸਿਰਫ ਬਣਾਂ ਨੂੰ ਸਾੜੇ ਜਾਣ ਦੇ

ਪ੍ਰਤੀਕਾਤਮਕ ਵਿਸਤਾਰਵਾਦੀ ਸਮਾਜਕ ਪ੍ਰਬੰਧ ਦਾ ਸ਼ਿਕਾਰ ਹੁੰਦਾ ਹੀ ਦਰਸਾਇਆ ਗਿਆ ਹੈ ਪਰ ਉਸ ਅੰਦਰ ਕ੍ਰਿਸ਼ਨ ਤੋਂ ਬਦਲਾ ਲੈਣ ਲਾਇਕ ਰੋਹ ਦੀ ਸਿਰਜਣਾ ਹੁੰਦਿਆਂ ਨਹੀਂ ਦਿਖਾਇਆ ਗਿਆ। ਜਰਾ ਇਨਕਲਾਬੀ ਕਿਸਮ ਦੇ ਨਾਅਰੇ ਲਗਾ ਕੇ ਜੰਗਲਵਾਸੀਆਂ ਨੂੰ ਇਕ ਜੁੱਟ ਤਾਂ ਕਰਦਾ ਹੈ ਪਰ ਉਸ ਅੰਦਰ ਇਨਕਲਾਬੀ ਅਵਾਜ਼ ਉੱਠਣ ਦਾ ਅਮਲ ਪ੍ਰਗਟ ਨਹੀਂ ਹੋ ਸਕਿਆ। ਕ੍ਰਿਸ਼ਨ ਵਰਗੇ ਲੋਕ-ਪ੍ਰਵਾਨਤ ਮਹਾਂ-ਨਾਇਕ ਦੀ ਮੌਤ ਉੱਪਰ ਆਪਣੀ ਜਿੱਤ ਦਾ ਦਾਅਵਾ ਕਰਨ ਲਈ ਲੋੜੀਂਦੀ ਮਿਥਿਹਾਸਕ ਜਾਂ ਇਤਿਹਾਸਕ ਸਮੱਗਰੀ ਜਰਾ ਦੇ ਕਿਰਦਾਰ ਵਿਚ ਮੌਜੂਦ ਨਜ਼ਰ ਨਹੀਂ ਆਉਂਦੀ।

ਜਰਾ ਦਾ ਬਦਲਾ ਇਕ ਆਮ ਆਦਮੀ ਦਾ ਜਾਂ ਜੰਗਲੀ ਜਾਤੀ ਦੇ ਇਕ ਸਮੂਹ ਦਾ ਤਾਂ ਹੋ ਸਕਦਾ ਹੈ ਪਰ ਉਸ ਵੇਲੇ ਦੇ ਵਿਸਤਾਰਵਾਦੀ ਰਾਜਸੀ ਪ੍ਰਬੰਧ ਵਿਰੁਧ ਕਿਸੇ ਸਮੂਹਕ ਚੇਤਨਤਾ ਦੀ ਉਸਾਰੀ ਨਹੀਂ ਕਰਦਾ। ਇਹ ਗਲ ਵੀ ਧਿਆਨ ਦੇਣ ਯੋਗ ਹੈ ਕਿ ਕ੍ਰਿਸ਼ਨ ਅਤੇ ਅਰਜੁਨ ਸੱਤਾ ਦੇ ਵਿਸਤਾਰਵਾਦੀ ਉਦੇਸ਼ ਹਿੱਤ ਜੰਗਲ ਅਤੇ ਜੰਗਲਵਾਸੀਆਂ ਦਾ ਨਾਸ ਕਰ ਰਹੇ ਹਨ। ਜੋ ਕਿ ਉਸ ਵੇਲੇ ਦੀ ਖੇਤੀਬਾੜੀ ਪ੍ਰਧਾਨ ਸਮਾਜਕ ਵਿਵਸਥਾ ਦਾ ਅਹਿਮ ਲਛਣ ਸੀ। ਇਸ ਅਮਲ ਵਿਚ ਜੋ ਤਸ਼ਦੱਦ ਜੰਗਲਵਾਸੀਆਂ ਜਾਂ ਕਬੀਲਿਆਂ ਉੱਪਰ ਹੋਇਆ ਉਸ ਤਸ਼ੱਦਦ ਜਾਂ ਜ਼ੁਲਮ ਨੂੰ ਅਜੋਕੀ ਦਮਿਤ ਚੇਤਨਾ ਦੇ ਪੈਮਾਨੇ ਨਾਲ ਵਿਚਾਰਨਾ ਬਹੁਤਾ ਨਿਆਂਪੂਰਣ ਨਹੀਂ ਜਾਪਦਾ। ਮਿਥਿਹਾਸ ਨੂੰ ਦਮਿਤ ਚੇਤਨਾ ਦੇ ਰੂਬਰੂ ਰੱਖਦਿਆਂ ਕੁਝ ਫੈਸਲੇ ਦੇਣਾ ਭਾਰੀ ਜੋਖਮ ਦਾ ਕਾਰਜ ਹੈ।

ਨਾਟਕਕਾਰ ਇਸ ਨਾਟਕ ਵਿਚ ਆਪਣਾ ਫੈਸਲਾ ਸੁਣਾ ਰਿਹਾ ਹੈ। ਕ੍ਰਿਸ਼ਨ ਨੂੰ ਜਰਾ ਦੇ ਹੱਥੋਂ ਮਰਵਾਕੇ ਇਸਨੂੰ ਜਰਾ ਦੀ ਕ੍ਰਿਸ਼ਨ ਉੱਪਰ ਜਿਤ ਦਰਸਾਉਣਾ ਹੀ ਉਸਦੇ ਆਪਣੇ ਮਨੋਰਥ ਨੂੰ ਢਾਹ ਲਾ ਦਿੰਦਾ ਹੈ। ਕ੍ਰਿਸ਼ਨ ਦੀ ਮੌਤ ਨੂੰ ਜਰਾ ਦੀ ਕਬਾਇਲੀ ਰੋਹ ਦੇ ਬਦਲੇ ਦੀ ਜਿੱਤ ਦਿਖਾਉਣਾ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਕਿ ਜਰਾ ਨੇ ਆਪਣੀ ਜਿੱਤ ਨਾਲ ਇਕ ਤਾਂ ਸਾਰਾ ਬਦਲਾ ਲੈ ਲਿਆ ਤੇ ਆਪਣੇ ਕਬੀਲੇ ਦੀ ਤਾਕਤ ਸਾਬਤ ਕਰ ਦਿੱਤੀ। ਜੇਕਰ ਇਸ ਪ੍ਰਸੰਗ ਨਾਲ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ 'ਭਗਵਾਨ' ਵਰਗੇ ਮਹਾਂਨਾਇਕ ਨੂੰ ਮਿਟਾਕੇ ਜਰਾ ਉਸਤੋਂ ਵੱਡਾ ਨਾਇਕ ਸਥਾਪਤ ਹੁੰਦਾ ਹੈ ਤਾਂ ਫਿਰ ਇਸਤੋਂ ਬਾਅਦ ਕਬੀਲਾਈ ਜਾਂ ਜਾਤੀਗਤ ਦਮਨ ਦਾ ਮਸਲਾ ਉੱਥੇ ਹੀ ਸਮਾਪਤ ਹੋ ਜਾਂਦਾ ਹੈ ਜਦਕਿ ਅਸਲ ਵਿਚ ਇੰਝ ਨਹੀਂ ਹੋਇਆ। ਇਹ ਦਮਨ ਬਾਦ ਵਿਚ ਜਾਰੀ ਰਿਹਾ ਅਤੇ ਹੋਰ ਵਧਿਆ। ਬਦਲਾ ਲੈਣ ਵਾਲੀ ਧਿਰ ਜਦੋਂ ਕਿਸੇ ਜਾਤੀ ਜਾਂ ਕਬੀਲੇ ਦੀ ਪ੍ਰਤੀਨਿਧਤਾ ਕਰ ਰਹੀ ਹੁੰਦੀ ਹੈ ਤਾਂ ਬਦਲੇ ਦੀ ਇਹੋ ਜਿਹੀ ਕਾਰਵਾਈ ਤੋਂ ਬਾਅਦ ਕਿਸੇ ਹੋਰ ਬਦਲੇ ਦੀ ਭਾਵਨਾ ਦੀ ਗੁੰਜਾਇਸ਼ ਖਤਮ ਹੋ ਜਾਂਦੀ ਹੈ।

ਇਸ ਤਰ੍ਹਾਂ ਨਾਟਕਕਾਰ ਨੇ ਜਰਾ ਦੀ ਜਿੱਤ ਦਾ ਐਲਾਨ ਕਰਕੇ ਆਪਣੇ ਨਾਟਕ ਦੀ ਤੀਬਰਤਾ ਨੂੰ ਮਜ਼ਬੂਤ ਕਰਨ ਦੀ ਥਾਂ ਕਮਜ਼ੋਰ ਕਰ ਦਿਤਾ ਹੈ। ਇਸ ਸੰਦਰਭ ਵਿਚ ਜੇ ਦੋਹਾਂ ਧਿਰਾਂ ਦੇ ਵਿਚਾਰਧਾਰਕ ਤਣਾਓ ਨੂੰ ਆਹਮੋ ਸਾਹਮਣੇ ਰੱਖਕੇ ਨਿਰਣਾ ਦਰਸ਼ਕਾਂ/ਪਾਠਕਾਂ ਉਤੇ ਛੱਡ ਦਿਤਾ ਜਾਂਦਾ ਤਾਂ ਸ਼ਾਇਦ ਉਸ ਸੰਦੇਹ ਵਾਲੀ ਸਥਿਤੀ ਵਿਚੋਂ ਨਾਟਕਕਾਰ ਦਾ ਮੁੱਦਾ ਵਧੇਰੇ ਪ੍ਰਭਾਵੀ ਪੇਸ਼ ਹੁੰਦਾ। ਇਸ ਕਰਕੇ ਨਾਟਕਕਾਰ ਇਸ ਮਿਥਿਹਾਸਕ ਵੇਰਵੇ ਨੂੰ ਨਵੇਂ ਅਰਥ ਦੇਣ ਵਿਚ ਪੂਰੀ ਤਰ੍ਹਾਂ ਸਫਲ ਨਹੀਂ ਹੋ ਪਾਉਂਦਾ। ਪਰ ਤਾਂ ਵੀ ਉਹ ਮਿਥਿਹਾਸ ਵਿਚ ਲੁਕੇ ਹੋਏ ਦਮਿਤ ਦੇ ਇਤਿਹਾਸ ਨੂੰ ਫਰੋਲਣ ਵਿਚ ਜ਼ਰੂਰ ਕਾਮਯਾਬ ਹੁੰਦਾ ਹੈ।